
Exercise Note Book

ਪ੍ਰਕਰਣ

ਜਨਮ ਸਾਖੀ

ਸੰਖਿਪਤ

(cleared of all evidently unfounded and absurd accounts)



Gyan Chand Stationer.

WHOLESALE & RETAIL DEALERS IN

EXERCISE COPY BOOKS

ANARKALI, NILA GUMBAD,

LAHORE.

	Bahlol Lodi becomes King
Bhai Mardana born 1459 A.D.	
Bibi Nanaki born 1464 A.D.	Daulat Khan becomes governor Punjab
Guru Nanak born 1469 A.D.	Sikandar Lodi becomes King
Guru Nanak came to Sultanpur	Daulat Khan founds Sultanpur
Srichand born 1494 A.D.	
Lakhmi Chand born	
Baba Buddha born 1506 A.D.	
	Ibrahim becomes King at Agra
Baba Budha meets G. Nanak 1518 A.D.	
Bibi Nanaki died 1518 A.D. as also her husband [illegible]	
Baba Nanak founds [illegible] 1522	Ibrahim comes to Delhi as capital
Bhai Mardana died in 1524 A.D. at Kurram	Ibrahim defeated at Panipat
	Babar died & Humayun King
	Humayun defeated
Guru Nanak died 1538 A.D.	Sher Shah dies
Baba Budha gives Tilak 1538 to [illegible]	Salim Shah Sur King
	Salim Shah Sur dies

੧ੴ ਸਤਿਗੁਰ ਪ੍ਰਸਾਦਿ।

ਸਾਖੀ ਸ੍ਰੀ ਬਾਬੇ ਨਾਨਕ ਜੀ ਕੀ।

ਸੰਮਤ ੧੫੨੬ ਬਾਬਾ ਨਾਨਕੁ ਜਨਮਿਆ, ਵੈਸਾਖ ਮਾਹਿ ਤ੍ਰਿਤੀਆ, ਚਾਨਣੀ ਰਾਤ, ਅੰਮ੍ਰਿਤ ਵੇਲੇ, ਪਹਰ ਰਾਤ ਰਹਿੰਦੀ ਕੂ ਜਨਮਿਆ। ਤਬ ਕਾਲੂ ਖਤ੍ਰੀ ਜਾਤ ਵੇਦੀ ਤਲਵੰਡੀ ਰਾਇ ਭੋਇ ਭਟੀ ਕੀ ਵਸਦੀ ਵਿਚ ਵਸਦਾ ਆਹਾ, ਓਥੈ ਜਨਮੁ ਪਾਯਾ।

ਵਡਾ ਹੋਆ ਤਾਂ ਲੱਗਾ ਬਾਲਕਾਂ ਨਾਲ ਖੇਲਨ ਪਰ ਬਾਲਕਾਂ ਤੇ ਇਸਕੀ ਦ੍ਰਿਸ਼ਟਿ ਅਉਰ ਆਹੇ। ਜਬ ਬਾਬਾ ਬਰਸਾਂ ਪੰਜਾਂ ਕਾ ਹੋਇਆ ਤਾਂ ਲਗਾ ਬਾਤਾਂ ਅਗਮ ਨਿਗਮ ਕੀਆਂ ਕਰਨ। ਜੋ ਕਿਛੁ ਬਾਤ ਕਰੇ ਸੋ ਸਮਝਿ ਕਰੇ। ਤਿਸ ਤੇ ਸਭਨਾ ਕਿਸੇ ਦੀ ਨਿਸਾ ਹੋਇ ਆਵੇ

ਵਡਾ।
ਜਬ ਬਾਬਾ ~~ਬਰਸਾਂ ਸਤਾਂ ਕਾ~~ ਹੋਇਆ ਤਬ ਕਾਲੂ ਕਹਿਆ:- "ਨਾਨਕ! ਤੂੰ ਪੜ੍ਹ। ਤਬ ਗੁਰੂ ਨਾਨਕ ਕਉ ਪਾਂਧੇ ਪਾਸ ਲੈ ਗਿਆ। ਕਾਲੂ ~~[illegible]~~ ਕਹਿਆ 'ਪਾਧੇ ਇਸਨੂੰ ਪੜ੍ਹਾਇ'। ਤਬ ਪਾਂਧੇ ਪਟੀ ਲਿਖ ਦਿੱਤੀ ਅਖਰਾਂ ਪੈਂਤੀਸ ਕੀ ਮੁਹਾਰਨੀ। ਤਬ ਗੁਰੂ ਨਾਨਕ ਲਗਾ ਪੜ੍ਹਨ। ਅਗਲੇ ਦਿਨ ਚੁਪ ਕਰ ਬੈਠਾ ਤਾਂ ਪਾਂਧੇ ਪੁਛਿਆ 'ਨਾਨਕ ਤੂੰ ਪੜ੍ਹਦਾ ਕਿਉ ਨਹੀਂ?' ਤਬ ਗੁਰੂ ਨਾਨਕ ਕਹਿਆ 'ਪਾਂਧਾ ਤੂ ਕਛੁ

ਪੜ੍ਹਿਆ ਹੈਂ ਜੋ ਮੇਰੇ ਤਾਈਂ ਪੜ੍ਹਾਉਂਦਾ ਹੈਂ ? ਤਬ ਪਾਂਧੇ ਕਹਿਆ ਮੈਂ ਸਭ ਕਿਛ ਪੜ੍ਹਿਆ ਹਾਂ ਜੋ ਕਿਛੁ ਹੈ। ਜਮਾ ਖਰਚ, ਰੋਜ਼ਨਾਮਚੇ, ਖਾਤਾ, ਲੇਖਾ, ਮੈਂ ਸਭ ਕਿਛ ਪੜ੍ਹਿਆ ਹਾਂ। ਤਬ ਬਾਬੇ ਕਹਿਆ :- ਪਾਂਧਾ ਇਹ ਲੇਖਾ ਹੀ ਪੜ੍ਹਿਆ ਹੈ ਜੋ ਅਗੇ ਕਿਸ ਮੰਗੀਐਗਾ।

~~ਜਾਲਿ ਮੋਹੁ ਘਸਿ ਮਸੁ ਕਰਿ, ਮਤਿ ਕਾਗਦੁ ਕਰਿ ਸਾਰੁ।~~
~~ਭਉ ਕਲਮ ਕਰਿ ਚਿਤੁ ਲਿਖਾਰੀ ਗੁਰ ਪੁਛਿ ਲਿਖੁ ਬੀਚਾਰੁ।~~
~~ਲਿਖੁ ਨਾਮੁ, ਸਾਲਾਹ ਲਿਖੁ, ਲਿਖੁ ਅੰਤੁ ਨ ਪਾਰਾਵਾਰੁ।~~
~~ਬਾਬਾ! ਏਹੁ ਲੇਖਾ ਲਿਖਿ ਜਾਣੁ।~~
~~(ਜਿਥੈ ਲੇਖਾ ਮੰਗੀਐ, ਤਿਥੈ ਹੋਇ ਸਚਾ ਨੀਸਾਣੁ।।੧।। ਰਹਾਉ।~~

੨ ਤਬ ਉਨ ਪੰਡਿਤ ਕਹਿਆ ਹੇ ਨਾਨਕ ਇਹ ਬਾਤਾਂ ਤੈਂ ਕਿਥੋਂ ਪਾਈਆਂ ਹਨ। ਪਰ ਜਿਹੜੇ ਨਾਨਕ ਏਹ ਜੋ ਪਰਮੇਸ਼ਰ ਦਾ ਨਾਮੁ ਲੈਂਦੇ ਹੈਂ ਤਿਨ ਕਉ ਕਹਣੁ ਲਗ ਜਾਂਦੇ ਹੈਂ? ਉਨ ਕਉ ਤਾਂ ਰੋਟੀਆਂ ਭੀ ਨਹੀਂ ਜੁੜਿਆਂਦੀਆਂ। ਤੂੰ ਜੋ ਅੱਗੀ ਬਾਤ ਕਰਦਾ ਹੈਂ, ਸੋ ਕਿਉਂ ਕਰਦਾ ਹੈਂ? ਅਜੇ ਤਾਂ ਬਾਲਕ ਹੈਂ। ਕਰਹੁ ਮਾਤਾ ਪਿਤਾ, ਇਤਨੀ ਕੁਟੰਬ ਦਾ ਸੁਖ ਦੇਖੁ, ਅਜੇ ਤੇਰਾ ਕਿਥੇ ਉਮਰ ਹੈ।

ਤਬ ਗੁਰੂ ਬਾਬਾ ਜੀ ਘਰਿ ਆਇਕੈ ਬੈਠਿ ਰਹਿਆ॥ ਕਿਰਤਿ
ਕੁਛੁ ਨ ਕਰੈ, ਜੇ ਬੈਠੇ ਤਾਂ ਬੈਠਾ ਹੀ ਰਹੇ, ਜਾਂ ਸੋਵੈ ਤਾਂ ਸੋਇਆ
ਹੀ ਰਹੈ। ਫਕੀਰਾਂ ਨਾਲ ਮੁਜਲਸ ਕਰੈ। ਘਰ ਦੇ ਆਦਮੀ
ਆਖਨਿ ਜੋ ਅੱਜ ਕਲ ਫਕੀਰਾਂ ਨਾਲ ਉਠ ਜਾਂਦਾ ਹੈ॥

ਬਾਬਾ ਕਾਲੂ ਭੀ ਗੁਰੂ ਕੋਲਿ ਗਇਆ ਕਹਿਆ "ਪੁਤ੍ਰ ਨਾਨਕ
ਤੂ ਵਿਹਲਾ ਰਹੈ ਤਾਂ ਕਿ ਹੋਵੈ? ਇਹ ਘਰ ਦੀਆਂ ਮਝੀਆਂ ਹਨ
ਤੂ ਚਾਰ ਲੈ ਆਉ।" ਤਬ ਗੁਰੂ ਨਾਨਕ ਮਝੀਂ ਲੈਕਰ ਬਾਹਰ
ਗਇਆ; ਤਾਂ ਰਾਤਿ ਨੂੰ ਆਇਆ। ਫਿਰ ਅਗਲੇ ਦਿਨ ਗਇਆ;
ਤਾਂ ਮਝੀਂ ਛੱਡਕੇ ਕਣਕ ਦੇ ਖੇਤ ਪੈ ਸੁੱਤਾ, ਤਬ ਮਝੀਂ ਜਾਇ
ਕਣਕ ਨੂੰ ਪਈਆਂ। ਤਬ ਫਿਰ ਭੱਟੀ ਜੋ ਕਣਕ ਦਾ ਖਾਵੰਦ, ਓ
ਆਇ ਗਇਆ। ਉਨ ਭੱਟੀ ਕਹਿਆ, "ਭਾਈ ਵੇ! ਤੂੰ ਜੋ
ਖੇਤ ਉਜਾੜਿਆ ਹੈ, ਸੋ ਕਿਉਂ ਉਜਾੜਿਆ ਹੈ? ਇਸ ਉਜਾੜੇ
ਦਾ ਜਵਾਬ ਦੇਹ।" ਤਬ ਗੁਰੂ ਨਾਨਕ ਕਹਿਆ, "ਭਾਈ ਵੇ!
ਤੇਰਾ ਕਿਛੁ ਨਾਹੀਂ ਉਜਾੜਿਆ। ਕਿਆ ਹੋਇਆ ਜੇ ਕਿਸੈ
ਮਝੀਂ ਮੂੰਹ ਪਾਇਆ ਹੈ? ਖੁਦਾਇ ਇਸੈ ਵਿਚ ਬਰਕਤ ਘੱਤਸੀ।"
ਤਾਂ ਭੀ ਉਹ ਰਹੈ ਨਹੀਂ, ਗੁਰੂ ਨਾਨਕ ਨਾਲ ਝਗੜਾ ਪਾਵਨ।
ਤਬ ਗੁਰੂ ਨਾਨਕ ਅਤੇ ਭੱਟੀ ਝਗੜਦੇ ਝਗੜਦੇ, ਰਾਇ ਬੁਲਾਰ

ਪਾਸ ਆਇ ਖੜੇ ਹੋਏ। ਤਬ ਰਾਇ ਬੁਲਾਰ ਕਹਿਆ, "ਇਹ ਦਿਵਾਨਾ ਹੈ; ਤੁਸੀਂ ਕਾਲੂ ਨੂੰ ਸਦਾਇਹੁ।" ਤਬ ਕਾਲੂ ਨੂੰ ਸਦਾਇਆ, ਤਬ ਰਾਇ ਬੁਲਾਰ ਆਖਿਆ, "ਕਾਲੂ, ਇਸ ਪੁਤ੍ਰ ਨੂੰ ਸਮਝਾਇੰਦਾ ਕਿਉਂ ਨਹੀਂ, ਜੋ ਪਰਾਈ ਖੇਤੀ ਉਜਾੜਿ ਆਇਆ ਹੈ? ਭਲਾ ਦਿਵਾਨਾ ਕਰ ਛੋਡਿਆ ਆਹੀ। ਭਾਵੇਂ ਦੇ! ਇਹ ~~[illegible]~~ ਉਜਾੜਾ ਜਾਇ ਭਰੇਂਦ; ਨਾਹੀ ਤਾਂ ਤੁਰਕਾਂ ਪਾਸ ਜਾਇ ਖੜਾ ਹੋਸੀਆਂ। ਤਬ ਕਾਲੂ ਕਹਿਆ, "ਜੀ ਮੈਂ ਕਿਆ ਕਰੀਂ? ਏਹ ਅਜੇ ਭੀ ਦਿਵਾਨਾ ਫਿਰਦਾ ਹੈ।" ਤਬ ਰਾਇ ਬੁਲਾਰ ਆਖਿਆ, "ਮੈਂ ਤੇਰੇ ਤਾਈ ਗੁਨਾਹ ਬਖਸਿਆ ਪਰ ਤੂੰ ਇਸਦਾ ਉਜਾੜਾ ਭਰੇਂਗਾ।" ਤਬ ਗੁਰੂ ਨਾਨਕ ਆਖਿਆ, "ਰਾਇ ਬੁਲਾਰ, ਉਸੇ ਕਿਛੁ ਨਾਹੀ ਉਜੜਿਆ।" ਤਬ ਭਟੀ ਕਹਿਆ, "ਜੀ ਮੇਰਾ ਖੇਤ ਉਜੜਿਆ ਹੈ, ਮੈਂ ਮੁਠਾ ਹਾਂ, ਮੇਰਾ ਤੂੰ ਖੇਤ ਉਜਾੜਿਆ, ਮੇਰਾ ਤਪਾਵਸੁ ਕਰਿ, ਨਹੀਂ ਤਾਂ ਮੈਂ ਤੁਰਕਾਂ ਪਾਸਿ ਜਾਂਦਾ ਹਾਂ।" ਤਬ ਰਾਇ ਬੁਲਾਰ ਆਪਣੇ ਪਿਆਦੇ ਭੇਜੇ। ਜੋ ਉਹ ਆਦਮੀ ਜਾਇ ਦੇਖਨਿ ਤਾਂ ਫਿਰ ਪਤਾ ਖੇਤੀ ਦਾ ਉਜੜਿਆ ਨਾਹੀਂ। ਤਬ ਰਾਇ ਬੁਲਾਰ ਉਸ ਭਟੀ ਕਉ ਕੂੜਾ ਕੀਤਾ, ਗੁਰੂ

ਗੁ। ਨਾਨਕ ਅਤੇ ਕਾਲੂ ਦੋਵੇਂ ਘਰਿ ਆਏ॥

ਗੁਰੂ ਨਾਨਕੁ ਰੁਖੀ ਮਿਸੀ ਖਾਇ ਉਦਾਸ ਰਹੈ, ਉਦਾਸੀ ਦਿਲ ਤੇ
ਨਾਹੀਂ। ਫਕੀਰਾਂ ਨਾਲਿ ਸੰਗ ਸਾਥਿ ਰਹੈ, ਹੋਰੁ ਕਿਸੈ ਨਾਲਿ
ਗੋਸ਼ਟ ਕਰੈ ਨਾਹੀ। ~~ਤਬ~~ ਤਬ ਸਭੁ ਪਰਵਾਰੁ ਦੁਖਿਆ।
ਆਖਨਿ, ਜੋ ਇਹੁ ਕਮਲਾ ਹੋਆ ਹੈ। ਤਬਿ ਗੁਰੂ ਨਾਨਕ ਜੀ
ਦੀ ਮਾਤਾ ਆਈ, ਉਸ ਆਖਿਆ, ਬੇਟਾ ਤੁਧੁ ਫਕੀਰਾਂ ਨਾਲਿ
ਬੈਠਿਆ ਸਰਦੀ ਨਾਹੀ, ~~ਤੂੰ ਘਰ ਬਾਰ~~ ਰੁਜ਼ਗਾਰੁ ਭੀ
ਕਰਿ। ਨਿੱਤ ਨਿੱਤ ਭਲੀਆਂ ਗੱਲਾਂ ਛਡਿ। ਅਸਾਂ ਨੂੰ
ਲੋਕੁ ਹਸਦੇ ਹਨਿ, ਜੁ ਕਾਲੂ ਦਾ ਪੁਤੁ ਸਉਦਾਈ ਹੋਆ ਹੈ।
ਜਾ ਇਹੁ ਗੱਲਾਂ ਮਾਤਾ ਆਖੀਆਂ, ਪਰ ਗੁਰੂ ਨਾਨਕ ਦੇ ਚਿਤਿ
ਕਾਈ ਲਗੀਆ ਨਾਹੀ। ਫਿਰਿ ਦਿਹੁ ਚਾਰਿ ਪਇ ਰਹਿਆ
ਤਬਿ ਕਾਲੂ ਨੂੰ ਖਬਰਿ ਹੋਈ, ਤਾ ਕਾਲੂ ਆਇਆ। ਆਖਿਆ ਬਚਾ
ਅਸੀਂ ਤੈਨੂ ਕਿ ਆਖਦੇ ਹਾਂ? ਪਰ ਰੁਜ਼ਗਾਰ ਕੀਤਾ ਭਲਾ ਹੈ।
ਅਸਾਡੀ ਖੇਤੀ ਬਾਹਰਿ ਖੜੀ ਖੜੀ ਹੈ, ਜੇ ਵਿਚਿ ਖੜਾ ਹੋਵੇਂ,
ਤਾ ਆਖਨਿ, ਜੋ ਕਾਲੂ ਦਾ ਪੁਤੁ ਭਲਾ ਹੋਆ ਹੈ, ਬੇਟਾ। ਖੇਤੀ
ਖਸਮਾਂ ਸੇਤੀ। ਹੱਟ ਹੀ ਕਰੁ ਜੇ ਤੂ ਹੱਟ ਨਹੀਂ ਬਹਿੰਦਾ ਤਾਂ
ਸੌਦਾਗਰੀ ਕਰ। ਤੇਰਾ ਮਾਤਾ ਉਦਾਸ ਹੈ, ਤੂ ਰੁਜ਼ਗਾਰ ਭੀ

ਣਾ ਅਤੇ ਪ੍ਰਦੇਸ ਭੀ ਦੇਖ। ਅਸੀ ਆਖਦਾਂ ਹੈ ਜੋ ਕ੍ਰਿਸਾਰ
ਕਹਿਆ ਹੈ, ਸੁਣੁ ਆਂਖਦਾ ਹੈ। ਤਬ ਬਾਬਾ ਬੋਲਿਆ, [illegible]
ਅਸਾਡੀ ਖੇਤੀ ਬੀਜੀ ਖੜੀ ਜੋਈ ਹੈ। ਅਸਾਂ ਇਸ ਖੇਤੀ
ਦਾ ਇਤਨਾ ਆਸਰਾ ਹੈ, ਜੋ ਹਾਸਲੁ ਦੀਵਾਨ ਦਾ ਸਭੁ
ਉਠਏਗਾ, ਤਗਾਦਾ ਕੋਈ ਨ ਕਰੇਗਾ। ਜਿਸ ਸਾਹਿਬ ਦੀ
ਮੈਂ ਕਿਸਾਂਣੀ ਕਰਦਾ ਹੈ, ਸੋ ਮੇਰਾ ਬਹੁਤ ਖਸਮਾਨਾ ਕਰਦਾ
ਹੈ। ਜਿਸ ਦਿਨ ਦੀ ਓਸਦੇ ਨਾਲਿ ਬਹਿ ਆਈ ਹੈ, ਤਿਸ
ਦਿਨ ਦਾ ਬਹੁਤ ਖੁਸੀ ਰਹੰਦਾ ਹਾਂ। ਜੋ ਕਿਛੁ ਮੰਗਦਾ ਹਾਂ,
ਸੋ ਦੇਂਦਾ ਹੈ। [struck] ਪਿਤਾ ਜੀ! ਅਸਾਂ ਦੇ ਵਡੁ
ਸਾਹਿਬੁ ਦੇਖਿ ਲਧਾ ਹੈ। ਸਉਦਾਗਰੀ ਕਰਦੀ
ਹਟੁ ਪਟਣੁ ਸਭੁ ਸਉਪ ਛੋਡਿਆ ਹੈਸੁ। ਕਹਿ
ਫਿਰਿ ਕਾਲੂ ਕਹਿਆ, ਏਹ ਸਭੇ ਛਡਿ, ਲੋਕਾ ਦਾ ਮਾਰਗੁ
ਪਕੜੁ। ਕਿਰਤਿ ਬਿਨਾ ਜੀਵਣੁ ਖੋਟਾ ਹੈ। ਤਬ ਫਿਰ
ਬਾਬਾ ਨਾਨਕ ਚੁਪ ਕਰਿ ਰਹਿਆ, ਕਾਲੂ ਉਠਿ ਗਇਆ,
ਜਾਇ ਕਿਰਤਿ ਲਾਗਾ। ਅਖਰਿ, ਫਿਰ ਆਖਦੇ ਲੋਗੁ
ਦਾਨਉ ਕਹਿਆ। ਸਾਰਾ ਪਰਵਾਰੁ, ਸਭੁ ਕੁਟੰਬੁ

ਦੇਹੀਆਂ ਦਾ ਜਾਮਾ ਨੂਰ ਹੈ। ਅਸਮਾਨ ਜਲੇ, ਜੋ ਦੇਖਤਾ ਪਾਕ ਹੋਆ, ਜੋ ਕਾਗੁ ਦਾ ਪੁਤੁ ਚਿਤਰਨਾ ਹੋਆ।'

ਤਬਿ ਬਾਬਾ ਨਾਨਕੁ ਮਹੀਨੇ ਤਿਨ ਤਾਈ ਖਾਦੈ ਪੀਦੈ ਕਿਛੁ ਨਾਹੀ। ਸਭੇ ਲੋਗ ਆਖਨੁ, 'ਨਾਨਕੁ ਤੂ ਕਿਆ ਬੈਠਾ ਹੈਂ, ਜਿਦਾ ਪੁਤੁ ਪਇਆ ਹੈਂ, ਤੂ ਕਈ ਵੈਦੁ ਸਦਿ ਲੈ, ਕਿਛੁ ਦਾਰੂ ਕਰ। ਕਿਆ ਜਾਪੈ ਕਥੈ ਦੇ ਓਹਲੈ ਲਖੁ ਹੈ। ਤੇਰਾ ਪੁਤੁ ਚੰਗਾ ਹੋਵੈਗਾ, ਤਾਂ ਪੰਜੀਹੇ ਕਿਤੇ ਹੀ ਹੋਵਨਗੇ।' ਤਬ ਨਾਨਕੁ ਉਠਿ ਖੜਾ ਹੋਆ, ਜਾਇ ਕਰ ਵੈਦੁ ਸਦੁ ਆਇਆਂ, ਤਬ ਵੈਦੁ ਆਇ ਖੜਾ ਹੋਇਆ; ਤਬ ਗੁਰੂ ਨਾਨਕ ਦੀ ਬਾਹ ਪਕੜ ਲਗਾ ਨਾੜਨਾ ਦੇਖਣਿ; ਤਬ ਗੁਰੂ ਨਾਨਕ ਬਾਹ ਖਿਚਿ, ਪਗ ਫਿਰਿ ਕਰ ਉਠਿ ਬੈਠਾ। ਆਖਣਿ ਲਗਾ 'ਰੇ ਵੈਦ ਤੂ ਕਿਆ ਕਰਦਾ ਹੈ?' ਤਬਿ ਵੈਦ ਕਹਿਆ। 'ਜੋ ਕਿਛੁ ਤੇਰੇ ਆਤਮੇ ਰੋਗ ਹੈ, ਸੋ ਦੇਖਦਾ ਹਾਂ।' ਤਬਿ ਬਾਬਾ ਹਸਿਆ, ਸਲੋਕੁ ਦਿਤੋਸੁ:—

ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹਿ॥
ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ॥੧॥

ਤਬਿ ਵੈਦੁ ਡਰਿ ਕਰਿ ਖੜਾ ਹੋਆ, ਆਖਿਓਸੁ, ਕਾਈ ਦੈ, ਤੁਸੀਂ ਫਿਕਰ ਕਿਛੁ ਨਾ ਕਰੋ। ਏਹੁ ਪਰਮੇਸਰੁ ਭੰਨਣਹਾਰ ਹੈ।'

ਬਾਬਾ ਨਾਨਕ ਸੁਲਤਾਨਪੁਰ ਗਇਆ। ਤੇ ਉਦਾਸੀ [illegible]

ਤਬ ਫੇਰ ਕਾਲੂ ਆਖਿਆ, ਨਾਨਕ ਤੂੰ ਅਸਾਥਹੁ ਗਇਆ ਹੈਂ, ਪਰ ਤੂੰ ਜਾਇ ਚਾਕਰੀ ਕਰ। ਦੌਲਤਖਾਨ ਦਾ ਨੌਕਰ ਤੇਰਾ ਬਹਿਨੋਈ ਹੈ, ਓਹ ਚਾਕਰੀ ਕਰਦਾ ਹੈ; ਤੂੰ ਭੀ ਜਾਇ ਜੈਰਾਮ ਨਾਲ ਚਾਕਰੀ ਕਰ; ਮੱਤ ਤੇਰਾ ਆਤਮਾ ਓਥੈ ਟਿਕੈ। ਅਸਾਂ ਤੇਰਾ ਖੱਟਣ ਛਡਿਆ ਹੈ। ਬੇਟਾ, ਜੇਕਰ ਤੂੰ ਉਦਾਸੀ ਹੋਇ ਕਰ ਜਾਸੀ, ਤਾਂ ਸਭੁ ਕੋਈ ਆਖਸੀ, ਜੋ 'ਕਾਲੂ ਦਾ ਪੁੱਤ੍ਰ ਫਕੀਰ ਹੋਇ ਗਇਆ,' ਲੋਕ ਮੇਹਣੇ ਦੇਸਨ।'

ਜਾ ਭਾਣਾ ਤਾਂ ਸੁਲਤਾਨਪੁਰ ਕਉ ਗਇਆ। ਤਬ ਜੈਰਾਮ ਨੂੰ ਮਿਲਿਆ, ~~ਜੈਰਾ~~ ਜੈਰਾਮ ਬਹੁਤੁ ਖੁਸੀ ਹੋਆ। ਆਖਿਓਸੁ, 'ਭਾਈ ਜੀ, ਨਾਨਕ ਚੰਗਾ ਭਲਾ ਹੈ।' ਤਬਿ ਜੈਰਾਮ ਦਰਬਾਰਿ ਗਇਆ, ਜਾਇ ਕਰ ਦੌਲਤਖਾਨ ਜੋਗ ਅਰਜੁ ਕੀਤੋਸੁ, ਆਖਿਓਸੁ,

'ਨਵਾਬ ਸਲਾਮਤ! ਮੇਰਾ ਇਕੁ ਸਾਲਾ ਪਿਛੋਂ ਆਇਆ ਹੈ,
ਨਵਾਬ ਨੋਂ ਮਿਲਿਆ ਚਾਹਦਾ ਹੈ।' ਤਬ ਦਉਲਤਖਾਨ ਕਹਿਆ,
'ਜਾਇ ਆਣੁ।' ਤਬ ਜੈਰਾਮੁ ਜੈਰਾਮ ਆਇ ਕਰਿ ਗੁਰੂ
ਨਾਨਕ ਨੋਂ ਪਕੜਿ ਲੈ ਗਇਆ। ਕਿਛੁ ਪੇਸ਼ਕਸੀ ਆਗੈ
ਰਖਿ ਕਰ ਮਿਲਿਆ। ਖਾਨ ਬਹੁਤੁ ਖੁਸੀ ਹੋਇਆ, ਖਾਨ
ਕਹਿਆ, 'ਇਸਕਾ ਨਾਉ ਕਿਆ ਹੈ?' ਤਬ ਜੈਰਾਮ
ਅਰਜ ਕੀਤੀ, 'ਜੀ ਇਸਕਾ ਨਾਉ ਨਾਨਕ ਹੈ।' ਤਬ ਖਾਨ
ਕਹਿਆ, 'ਏਹ ਭਲਾ ਦਿਆਨਤਦਾਰ ਨਦਰਿ ਆਵਦਾ ਹੈ,
ਮੇਰਾ ਕਮ ਇਸਕੇ ਹਵਾਲੇ ਕਰੋ।' ਤਬ ਗੁਰੂ ਨਾਨਕੁ
ਖੁਸੀ ਹੋਇ ਕਰਿ ਮੁਸਕਾਇਆ, ਖਾਨਿ ਸਿਰੋਪਾਉ ਦਿਤਾ।
ਤਬਿ ਗੁਰ ਨਾਨਕ ਤੇ ਜੈਰਾਮ ਘਰਿ ਆਏ। ਲਗੇ ਕਮ ਕਰਨਿ
ਐਸਾ ਕੰਮ ਕਰਨ, ਜੋ ਸਭੁ ਕੋਈ ਖੁਸੀ ਹੋਵੈ, ਸਭੁ ਲੋਕ ਆ-
ਖਨਿ ਜੋ 'ਵਾਹੁ ਵਾਹੁ ਕੋਈ ਭਲਾ ਹੈ।' ਸਭੁ ਕੇ ਖਾਨ ਆਗੈ
ਸੁਪਾਰਸ ਕਰੇ, ਖਾਨ ਬਹੁਤੁ ਖੁਸੀ ਹੋਆ। ਅਰੁ ਜੋ ਕਿਛੁ
ਆਲੂਫਾ ਗੁਰੂ ਨਾਨਕ ਨੋਂ ਮਿਲੈ, ਖਾਵੈ ਸੋ ਖਾਵੈ, ਹੋਰੁ
ਪਰਮੇਸਰ ਕੇ ਅਰਥਿ ਦੇਵੈ। ਤੇ ਨਿਤਾ ਪ੍ਰਤਿ ਰਾਤ ਕਉ
ਕੀਰਤਨੁ ਹੋਵੈ। ਪਿਛੋਂ ਮਰਦਾਨਾ ਡੂਮ ਆਇਆ।
ਤਲਵੰਡੀਓਂ ਆਇ, ਬਾਬੇ ਨਾਲ ਟਿਕਿਆ।

ਅਰੁ ਜੋ ਹੋਰ ਪਿਛੋਂ ਆ ਰਹਿਨ, ਤਿਨਾ ਜੋਗ ਪਾਨ ਤਾਈ ਸਿਖਾਇ ਕਰ ਆਲੂਣਾ ਕਰਾਇ ਦੇਂਦੇ; ਸਭ ਰੋਟੀਆਂ ਪਾਵਨ। ਗੁਰੂ ਨਾਨਕ ਕੈ ਪ੍ਰਸਾਦਿ ਸਭ ਪਸ਼ੀ ਹੋਏ। ਅਰ ਜਾਂ ਬਾਬੇ ਦੀ ਰਸੋਈ ਹੋਂਦੇ, ਤਾ ਸਭ ਆਇ ਬਹਿਨ। ਅਤੇ ਰਾਤਿ ਨੂੰ ਨਿਤਾਪ੍ਰਤਿ ਕੀਰਤਨ ਹੋਂਦੇ। ਅਰ ਜਿਥੈ ਪਚਰ ਰਾਤਿ ਰਹੈ ਤਿਥੈ ਬਾਬਾ ਦਰੀਆਇ ਜਾਵੈ ਇਸ਼ਨਾਨ ਕਰਨਿ, ਅਰੁ ਜਾਂ ਪਰਭਾਤਿ ਹੋਂਦੇ, ਤਾ ਕਪੜੇ ਲਾਇਕੈ ਤਿਲਕੁ ਚੜ੍ਹਾਇ ਕਰ ਦਰਬਾਰ ਦਫਤਰ ਸਨਾ ਪਿਨਿ ਲਿਖਣੁ ਬੈਹੈ॥

ਇਕ ਦਿਨ ਆਗਿਆ ਪਰਮੇਸਰ ਕੀ ਹੋਈ, ਜੋ ਨਿਤਾਪ੍ਰਤਿ ਦਰੀਆਉ ਵੈਂਦਾ ਆਹਾ, ਸੁ ਇਕ ਦਿਨ ਇਕ ਖਿਜਮਤਗਾਰੁ ਲੈਕਰਿ ਗਇਆ, ਕਪੜੇ ਲਾਹਿ ਖਿਜਮਤਿਦਾਰ ਕੇ ਹਵਾਲੇ ਕੀਤੇ, ਆਪ ਨਾਵਣਿ ਪਇਆ। ਤਬਿ ਓਹੁ ਖਿਜ਼ਮਤਦਾਰ ਕਪੜਿਆਂ ਉਤੇ ਖੜਾ ਆਹਾ, ਸੋ ਖੜਾ ਖੜਾ ਹੁਟਿ ਗਇਆ। ਓਨਿ ਆਖਿਆ, ਜੋ ਨਾਨਕੁ ਦਰੀਆਇ ਵਿਚ ਪਇਆ ਆਹਾ ਸੋ ਨਿਕਲਿਓ

ਨਾਹੀ'।' ਤਬ ਪੀਰ ਅਸਵਾਰ ਹੋਇਆ, ਬਾਹਰਿ ਆਇਆ। ਦਰਿਆਉ ਉਪਰਿ ਆਇਆ, ਮਲਾਹ ਬੁਲਾਏ, ਅਰ ਜਾਲ ਬੰਧ ਪਵਾਏ। ਤਬਿ ਮਲਾਹ ਸੋਧਿ ਥਕੇ, ਪਰੁ ਲੋਧੇ ਨਾਹੀ'। ਤਬਿ ਪੀਰੁ ਬਹੁਤੁ ਦਿਲਗੀਰ ਹੋਆ। ਫਿਰ ਅਸਵਾਰ ਹੋਆ, ਆਖਿਓਸੁ, 'ਨਾਨਕ ਤਪਾ ਦਰਗਹਿ ਥਾ।' ਪੀਰ ਘਰਿ ਆਇਆ।

ਤੀਸਰੇ ਦਿਨ ਉਸੀ ਘਾਟਿ ਆਇ ਨਿਕਸਿਆ, ਤਬ ਲੋਕਾ ਡਿਠਾ। ਲੋਕਾ ਕਹਿਆ, 'ਲੋਕੋ ਏਹ ਤਾ ਦਰੀਆਇ ਵਿਚ ਪਇਆ ਆਹਾ, ਏਹੁ ਕਿਥੁ ਪੈਦਾ ਹੋਆ?' ਤਬਿ ਗੁਰੂ ਨਾਨਕ ਡੇਰੇ ਆਇ ਕਰ ਵੜਿਆ। ਡੇਰਾ ਸਭੁ ਲੁਟਾਇ ਦੂਰਿ ਕੀਤੋ ਸੁ। ਲੋਕ ਬਹੁਤੁ ਜੁੜਿ ਗਏ, ਪੀਰੁ ਭੀ ਆਇ ਗਇਆ, ਆਖਿਓਸੁ, 'ਨਾਨਕ ਤੇਰੇ ਤਈ ਕਿਆ ਹੋਇਆ ਹੈ।' ਤਬਿ ਲੋਕਾ ਕਹਿਆ, 'ਜੀ ਏਹ ਦਰੀਆਉ ਵਿਚ ਪਇਆ ਆਹਾ, ਦਰੀਆਉ ਵਿਚਿ ਚੋਟਿ ਖਾਧੀ।' ਤਬਿ ਪੀਰ ਕਹਿਆ, 'ਲੋਕੋ ਦੀਵਾਨਾ ਹੈਰ ਹੋਆ।' ਪੀਰ ਦਿਲਗੀਰ ਹੋਇਕਰ ਉਠਿ ਗਇਆ। ਤਬਿ ਗੁਰੂ ਨਾਨਕ ਕੇ ਤੇੜਿ ਇਕ ਲੰਗੋਟੜੀ ਰਹੀ। ਹੋਰੁ ਰਖਿਓਸੁ ਕਿਛੁ ਨਾਹੀ, ਫਕੀਰਾ ਨਾਲਿ ਜਾਇ ਬੈਠਾ।

ਨਾਲੇ ਮਰਦਾਨਾ ਡੂਮ ਜਾਇ ਬੈਠਾ। ਤਬਿ ਗੁਰੂ ਨਾਨਕ ਕਹਿਆ, 'ਮਰਦਾਨਿਆ ਰਬਾਬੁ ਵਜਾਇ।' ਤਾਂ ਮਰਦਾਨੇ ਰਬਾਬੁ ਵਜਾਇਆ; ਰਾਗੁ ਮਾਰੂ ਕੀਤਾ, ਬਾਬੇ ਸਬਦੁ ਉਠਾਇਆ:——

ਮਾਰੂ ਮਹਲਾ ੧॥

ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥
ਕੋਈ ਆਖੈ ਆਦਮੀ ਨਾਨਕੁ ਵੇਚਾਰਾ ॥੧॥
ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ॥
ਹਉ ਹਰਿ ਬਿਨੁ ਅਵਰੁ ਨ ਜਾਨਾ ॥੧॥ਰਹਾਉ॥
ਤਉ ਦੇਵਾਨਾ ਜਾਣੀਐ ਜਾਂ ਭੈ ਦੇਵਾਨਾ ਹੋਇ॥
ਏਕੀ ਸਾਹਿਬ ਬਾਹਰਾ ਦੂਜਾ ਅਵਰੁ ਨ ਜਾਣੈ ਕੋਇ॥੨॥
ਤਉ ਦੇਵਾਨਾ ਜਾਣੀਐ ਜਾ ਏਕਾ ਕਾਰ ਕਮਾਇ॥
ਹੁਕਮੁ ਪਛਾਣੈ ਖਸਮ ਕਾ ਦੂਜੀ ਅਵਰ ਸਿਆਣਪ ਕਾਇ॥੩॥
ਤਉ ਦੇਵਾਨਾ ਜਾਣੀਐ ਜਾ ਸਾਹਿਬ ਧਰੇ ਪਿਆਰੁ॥
ਮੰਦਾ ਜਾਣੈ ਆਪ ਕਉ ਅਵਰ ਭਲਾ ਸੰਸਾਰੁ॥੪॥੭॥

ਤਬਿ ਗੁਰੂ ਨਾਨਕ ਚੁਪ ਕਰ ਰਹਿਆ। ਤਬ ਇਕ ਦਿਨ ਗੁਜਰਿ ਗਇਆ। ਤਬ ਅਗਲੇ ਦਿਨ ਉਠ ਖੜਾ ਹੋਇਆ, 'ਜੋ ਨਾ ਕੋਈ ਹਿੰਦੂ ਹੈ, ਨਾ ਕੋ ਮੁਸਲਮਾਨ ਹੈ।'

ਜਬ ਬੋਲੈ, ਤਾਂ ਇਉ ਆਵਾਜ ਕਰੈ। ਤਬ ਲੋਕਾ ਜਾਇ
ਕਰ ਖਾਨ ਜੋਗ ਕਹਿਆ, ਜੋ ਬਾਬਾ ਨਾਨਕੁ ਆਖਦਾ ਹੈ,
ਜੋ — ਨਾ ਕੋਈ ਹਿੰਦੂ ਹੈ, ਨਾ ਕੋ ਮੁਸਲਮਾਨੁ ਹੈ —।'
ਤਬਿ ਖਾਨ ਕਹਿਆ, 'ਇਸਦੇ ਖਿਆਲ ਨ ਲਗੀ ਪਉਣਾ,
ਇਹੁ ਫਕੀਰੁ ਹੈ।' ਤਬਿ ਇਕੁ ਨੇੜੈ ਕਾਜੀ ਬੈਠਾ ਥਾ,
ਉਨਿ ਕਾਜੀ ਕਹਿਆ, 'ਖਾਨ ਜੀ ਅਜਬੁ ਹੈ, ਕਿਉਂ ਜੋ
ਆਖਦਾ ਹੈ? — ਨਾ ਕੋ ਹਿੰਦੂ ਹੈ, ਨਾ ਕੋ ਮੁਸਲਮਾਨੁ ਹੈ।'
ਤਬ ਖਾਨਿ ਕਹਿਆ ਆਦਮੀ ਤਾਈ, ਜੋ 'ਬੁਲਾਇ ਆਣਿ।'
ਤਬ ਆਦਮੀ ਆਇਕੈ ਕਹਿਣ ਲਗਾ, 'ਨਾਨਕ! ਤੁਧ
ਤਾਈ ਖਾਨ ਬੁਲਾਇੰਦਾ ਹੈ।' ਤਬਿ ਮੁਤਕਾ ਗਲ ਵਿਚਿ
ਪਾਇ ਗਇਆ, ਆਇ ਕਰ, ਖਾਨ ਸੇਤੀ ਮਿਲਿਆ, ਤਬਿ
ਖਾਨ ਕਹਿਆ, 'ਨਾਨਕ ਖੁਦਾਇ ਵਾਸਤੇ ਗਲੋਂ ਮੁਤਕਾ
ਲਾਹਿ, ਕਮਰ ਬੰਧੁ।' ਤਬਿ ਗੁਰੂ ਨਾਨਕ ਗਲੋਂ ਮੁਤਕਾ
ਲਾਹਿਆ, ਕਮਰ ਬੀਧੀ। ਤਬਿ ਖਾਨਿ ਕਹਿਆ,
'ਨਾਨਕ ਮੇਰੀ ਕਮਬਖਤੀ ਹੈ, ਜੋ ਤੁਹਿ ਜੇਹਾ ਵਜੀਰ
ਫਕੀਰੁ ਹੋਵੈ।' ਤਬ ਖਾਨ ਗੁਰੂ ਨਾਨਕ ਕਉ ਆਪਣੇ
ਪਾਸ ਬਹਾਲਿਆ, ਅਤੇ ਕਹਿਓਸੁ, 'ਜੇ ਵਾਜੀਕਾਈ
ਬਾਤ ਪੁਛਤਾ ਹੈ ਤਾਂ ਪੁਛ, ਨਾਹੀਂ ਤਾਂ ਏਹੁ ਬਾਹਰਿ

ਸਾਬਤੁ ਕਰੇਗਾ ਨਾਹੀ।' ਤਬਿ ਕਾਜ਼ੀ ਦਿਲਗੀਰ ਹੋਇ ਕਰਿ ਰਹਿਆ। ਤਬਿ ਕਾਜ਼ੀ ਕਹਿਆ, 'ਨਾਨਕ ਤੂ ਜੋ ਕਹਿੰਦਾ ਹੈਂ, — ਨਾ ਕੋ ਹਿੰਦੂ ਹੈ ਨਾ ਕੋ ਮੁਸਲਮਾਨੁ ਹੈ —, ਸੋ ਤੁੰ ਕਿਆ ਪਾਇਆ ਹੈ?'

ਤਬਿ ਬਾਬੇ ਨਾਨਕ ਕਹਿਆ ਸਲੋਕੁ, ਰਾਗ ਮਾਝ ਵਿਚ:—

ਸਲੋਕੁ ਮ: ੧

ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ ॥
ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ ॥
ਹੋਇ ਮੁਸਲਿਮੁ ਦੀਨ ਮੁਹਾਣੈ ਮਰਣੁ ਜੀਵਣੁ ਕਾ ਭਰਮੁ ਚੁਕਾਵੈ ॥
ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ ॥ ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ ॥੧॥

ਜਬਿ ਇਹੁ ਸਲੋਕੁ ਬਾਬੇ ਦਿਤਾ, ਤਬ ਕਾਜ਼ੀ ਹੈਰਾਨੁ ਹੋਇ ਰਹਿਆ।

ਤਬ ਪੇਸ਼ੀ ਕੀ ਨਿਮਾਜ਼ ਕਾ ਵਖਤ ਹੋਇਆ, ਸਭਿ ਉਠਿ ਕਰਿ ਨਿਵਾਜ਼ ਗੁਜ਼ਾਰਣੁ ਗਏ, ਅਰੁ ਬਾਬਾ ਭੀ

ਨਾਲਿ ਗਇਆ। ਤਬ ਕਾਜੀ ਸਭਨਾ ਤੇ ਅਗੈ ਖੜਾ ਹੋਆ,
ਨਿਵਾਜ ਲਗਾ ਕਰਣੇ। ਤਬਿ ਬਾਬਾ ਕਾਜੀ ਕੀ ਤਰਫ ਦੇਖਿ
ਕਰ ਹਸਿਆ। ਤਬਿ ਕਾਜੀ ਡਿਠਾ ਜੋ ਨਾਨਕੁ ਹਸਦਾ ਹੈ,
ਤਬਿ ਨਿਵਾਜ ਕਰ ਆਏ। ਤਬ ਕਾਜੀ ਕਹਿਆ, 'ਖਾਨ ਜੀ
ਸਲਾਮਤਿ, ਡਿਠੋ ਕਿਉ ਜੋ ਮੁਸਲਮਾਨਾ ਕੀ ਤਰਫ ਫਿਰਿ ਫਿਰਿ
ਦੇਖਿ ਦੇਖਿ ਹਸਦਾ ਹੈ, ਤੂ ਜੋ ਆਖਦਾ ਹੈ ਜੋ ਨਾਨਕ ਭਲਾ
ਹੈ।' ਤਬਿ ਖਾਨਿ ਕਹਿਆ, 'ਨਾਨਕ ਕਾਜੀ ਕਿਆ ਕਹਿੰਦਾ
ਹੈ?' ਤਬਿ ਬਾਬੇ ਕਹਿਆ, 'ਖਾਨ ਜੀ, ਮੈ ਕਾਜੀ ਕੀ
ਕਿਆ ਪਰਵਾਹ ਪਈ ਹੈ, ਪਰ ਕਾਜੀ ਕੀ ਨਿਵਾਜ ਕਬੂਲ
ਨਾਹੀ ਪਈ, ਮੈ ਇਤ ਵਾਸਤੇ ਹਸਿਆ ਥਾ।' ਤਬੁ ਕਾਜੀ
ਕਹਿਆ, 'ਖਾਨ ਜੀ ਇਹ ਕਾਹੀ ਪਾਈ ਹੈ, ਤਾ ਮੇਰੀ ਤਕ-
ਸੀਰ ਜਾਹਰ ਕਰਉ।' ਤਬ ਬਾਬੇ ਕਹਿਆ, 'ਖਾਨ ਜੀ
ਜਬ ਏਹ ਨਿਵਾਜ ਉਪਰ ਖੜਾ ਥਾ, ਤਬ ਇਸਕਾ ਮਨੁ ਠਉੜ
ਨਾ ਥਾ। ਇਸ ਕੀ ਘੋੜੀ ਸੂਈ ਸੀ, ਵਛੇਰੀ ਜੰਮੀ ਸੀ,
ਅਰ ਵਛੇਰੀ ਛੂਟ ਕਰ ਆਇਆ ਥਾ। ਅਰ ਵੇਹੜੇ ਵਿਚਿ
ਖੂਹੀ ਥੀ। ਅਰ ਇਸ ਕਹਿਆ, ਮਤੁ ਵਛੇਰੀ ਖੂਹੀ ਵਿਚਿ
ਪਉਦੀ ਹੋਵੈ। ਇਸ ਕਾ ਮਨੁ ਉਥਾ ਗਇਆ ਆਹਾ,
ਇਸਕੀ ਨਿਵਾਜ ਕਬੂਲ ਨਾਹੀ ਪੜੀ।' ਤਾ ਕਾਜੀ ਆਇ

ਪੈਰੀ ਪਇਆ। ਆਖਿਓਸੁ, 'ਵਾਹੁ ਵਾਹੁ! ਇਸ ਨਉ ਖੁਦਾਇ ਕੀ ਤਿਹਕੀਕ ਹੋਈ ਹੈ।' ਤਬ ਕਾਜੀ ਪਤੀਣਾ। ਤਬ ਬਾਬੇ ਸਲੋਕੁ ਦਿਤਾ:—

ਮੁਸਲਮਾਨ ਮਸਾਏ ਆਪੁ ॥ ਸਿਦਕੁ ਸਬੂਰੀ
ਕਲਮਾ ਪਾਕ ॥ ਖੜੀ ਨ ਛੋਡੈ ਪੜੀ ਨ ਖਾਇ ॥
ਨਾਨਕ ਸੋ ਮੁਸਲਮਾਨ ਭਿਸਤ ਨਉ ਜਾਇ ॥

ਜਾ ਬਾਬੇ ਏਹੁ ਸਲੋਕੁ ਬੋਲਿਆ, ਤਾਂ ਸਈਅਦ, ਸੇਖਜਾਦੇ, ਕਾਜੀ, ਮੁਫਤੀ, ਖਾਨ, ਖਵੀਨ, ਮਹਰ, ਮੁਕਦਮ ਹੈਰਾਨ ਹੋਇ ਰਹੇ। ਖਾਨ ਬੋਲਿਆ, 'ਕਾਜੀ! ਨਾਨਕ ਹਕੁ ਨੋ ਪਹੁਤਾ ਹੈ, ਅਵਰੁ ਪੁਛਣੁ ਕੀ ਤਕਸੀਰ ਰਹੀ।' ਜਿਤੁ ਵਲਿ ਬਾਬਾ ਨਦਰਿ ਕਰੇ, ਤਿਤੁ ਵਲਿ ਸਭੁ ਕੋਈ ਸਲਾਮ ਕਰੇ। ਤਬਿ ਲੋਕਿ ਹਿੰਦੂ ਮੁਸਲਮਾਨ ਆਇ ਲਗੇ ਖਾਨ ਨੋ ਕਹਣਿ, 'ਜੋ ਨਾਨਕ ਵਿਚਿ ਖੁਦਾਇ ਬੋਲਦਾ ਹੈ।' ਉਪਰਿ ਖਾਨ ਕਹਿਆ, 'ਨਾਨਕ! ਰਾਜੁ ਮਾਲੁ ਹਕਮੁ, ਹਾਸਲੁ ਸਭਿ ਤੇਰਾ ਹੈ।' ਤਬ ਗੁਰੂ ਨਾਨਕ ਕਹਿਆ, 'ਖੁਦਾਇ ਤੇਰਾ ਭਲਾ ਕਰੇਗਾ, ਹੁਣਿ ਟਿਕਣੁ ਕੀ ਬਾਤ ਰਹੀ, ਰਾਜ, ਮਾਲੁ, ਘਰੁ: ਬਾਰ ਤੇਰੇ ਹੈਨ, ਅਸੀਂ

ਤਿਆਗ ਚਲੇ।'

ਜਾਇ ਫਕੀਰਾਂ ਵਿੱਚ ਬੈਠ, ਤਬਿ ਫਕੀਰ ਉਠਿ ਰਹਿ ਬੈਠੇ ਖੜੇ ਹੋਏ, ਲਾਗੇ ਸਿਫਤ ਕਰਣਿ। ਆਖਨਿ, 'ਜੋ ਨਾਨਕ ਸਚਿ ਰੋਜ਼ੀ ਪੀਆ ਹੈ, ਅਤੇ ਸਚ ਕੀ ਰੰਗਣ ਵਿਚ ਰਤਾ ਹੈ।' ਤਾਂ ਬਾਬਾ ਬੋਲਿਆ, 'ਮਰਦਾਨਿਆ, ਰਬਾਬ ਵਜਾਇ।' ਤਬ ਮਰਦਾਨੇ ਰਬਾਬ ਵਜਾਇਆ, ਰਾਗ ਤਿਲੰਗ ਕੀਤਾ; ਬਾਬੇ ਸਬਦ ਉਠਾਇਆ:—

ਤਿਲੰਗ ਮਹਲਾ ੧ ਘਰ ੩

ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ॥ ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ॥੧॥

ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ॥ ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ॥ ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ॥੧॥ ਰਹਾਉ॥

ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ॥ ~~[illegible]~~ ਰੰਙਣ ਵਾਲਾ ਜੇ

ਜੇ ਰੰਗੈ ਸਾਹਿਬੁ ਐਸਾ ਰੰਗੁ ਨ ਡੀਠ ॥੨॥
ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ
ਪਾਸਿ ॥ ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ
ਨਾਨਕ ਕੀ ਅਰਦਾਸਿ ॥੩॥ ਆਪੇ ਸਾਜੇ
ਆਪੇ ਰੰਗੇ ਆਪੇ ਨਦਰਿ ਕਰੇਇ ॥
ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ
ਰਾਵੇਇ ॥੪॥੧॥੩॥

ਤਬ ਫਕੀਰਾਂ ਆਇ ਪੈਰ ਚੁੰਮੇ ਦਸਤ ਪੰਜਾ
ਲੀਆ। ਬਾਬੇ ਦੀ ਬਹੁਤ ਖੁਸੀ ਹੋਈ ਫਕੀਰਾਂ
ਉਪਰਿ, ਬਹੁਤ ਮਿਹਰ ਵਾਨ ਹੋਇਆ। ਖਾਨ ਭੀ
ਆਇ ਲਗਿਆ। ਲੋਕ ਹਿੰਦੂ ਮੁਸਲਮਾਨ ਜੁ
ਕੋਈ ਸਾ ਸਭਿ ਸਲਾਮ ਕਰਿ ਖੜਾ ਹੋਆ।
ਤਬ ਗੁਰੂ ਪੋਸੇ ਡਿਠਾ ਹੋਈ। ਤਬਿ ਬਾਬੇ ਦੀ
ਖੁਸੀ ਹੋਈ, ਮਰਦਾਨੇ ਨੂੰ ਨਾਲੇ ਲੈਕਰ ਚਲਦਾ
ਰਹਿਆ।

ਭਾਗ ~~ਦੂਜਾ~~ ਤੀਜਾ।

ਪੂਰਬ ਦੇਸ ਦੀ ਉਦਾਸੀ।

ਤਬ ਬਾਬਾ ਜੀ ਉਜਾੜੁ ਕਉ ਚੱਲੇ। ਤਬ ਕਿਸੇ
ਦਾਣੀ ਦੇਹੁ ਨਾਹੀ। ਕਿਤੇ ਜੰਗਲਿ, ਕਿਤੇ ਵਰੀਆਈ,
ਕਿਤੇ ਬਸਤੀ ਕਿਤੇ ਨਾਹੀ।

ਸੇਖ ਸੱਜਣ ਠੱਗ ਦਾ ਡੇਰਾ

ਜਾਂਦੇ ਜਾਂਦੇ ਸੇਖ ਸੱਜਣ ਕੇ ਘਰਿ ਜਾਇ ਨਿਕਲੇ। ਉਸ ਕਾ
ਘਰੁ ਪੰਧੇ ਵਿਚਿ ਥਾ। ਅਤੇ ਠਾਕੁਰ ਦੁਆਰਾ ਤੇ ਮਸੀਤ
ਕਰਿ ਛੱਡੀ ਥੀ। ਜੇ ਕੋਈ ਹਿੰਦੂ ਆਵੈ, ਤਾ ਠਉਰ ਦੇਵੈ।
ਅਤੇ ਜੇ ਮੁਸਲਮਾਨ ਜਾਵੈ, ਤਾਂ ਤਕੀਆ ਦੇਵੈ। ਅਰੁ ਜਾਂ
ਰਾਤਿ ਪਵੈ, ਤਾਂ ਆਖੈ, 'ਰਹੁ ਜੀ ਸੋਵਹੁ।' ਅੰਦਰਿ ਲੈ ਜਾਵੈ,
ਖੂਹੇ ਵਿਚਿ ਪਾਇ ਕਰਿ ਮਾਰੇ। ਅਰੁ ਜਾਂ ਫਾਜਰ ਹੋਵੈ, ਤਾਂ
ਆ ਜਾ ਤਸਬੀ ਗਲਿ ਨੇ ਮੁਸਲਾ ਪਾਇ ਬਹੈ। ਜਬਿ
ਬਾਬਾ ਤੇ ਮਰਦਾਨਾ ਗਏ, ਤਾਂ ਖਿਜਮਤਿ ਬਹੁਤੁ ਕੀਤੀਅਸੁ।
ਅਤੇ ਆਪਣਿਆ ਲੋਕਾਂ ਤਾਂਈ ਆਖਿਓਸੁ, 'ਜੋ ਇਸਦੈ ਪਾਸ
ਬਹੁਤੁ ਦੁਨੀਆ ਹੈ, ਪਰੁ ਗੁਜਰੂ ਹੈ। ਜਿਸਦੇ ਮੁਹਿ ਵਿਚੁ
ਜਾਹੀ ਭੜਕੁ ਹੈ, ਸੋ ਖਾਲੀ ਨਾਹੀ, ਓਨੁ ਕੂਕੇ ਫਕੀਰੁ
ਹੋਇਆ ਹੈ।' ਜਬਿ ਰਾਤਿ ਪਈ, ਤਬਿ ਆਖਿਓਸੁ, 'ਉਠਹੁ ਜੀ
ਸੋਵਹੁ।' ਤਬਿ ਬਾਬੇ ਆਖਿਆ, 'ਸਜਣਹੁ ਇਕੁ ਸਬਦੁ
ਖੁਦਾਇ ਦੀ ਬੰਦਗੀ ਕਾ ਸੋਖ ਕਰਿ ਸੋਵਹਿਗੇ।' ਤਬਿ

ਸੇਖ ਸਜਣਿ ਆਖਿਆ, 'ਭੁਜਾ, ਰੋਟੀ ਜੀ, ਨਾ ਖਾਹੁ ਜੀ, ਰਾਤਿ ਬਹੁਤੁ ਗੁਜਰਦੀ ਜਾਂਦੀ ਹੈ।' ਤਉ ਬਾਬੇ ਆਖਿਆ, 'ਮਰਦਾਨਿਆ, ਰਬਾਬੁ ਵਜਾਇ।' ਤਾਂ ਮਰਦਾਨੇ ਰਬਾਬੁ ਵਜਾਇਆ। ਰਾਗੁ ਸੂਹੀ ਕੀਤੀ। ਗੁਰੂ ਨਾਨਕ ਸ਼ਬਦ ਉਠਾਇਆ ਮ: ੧॥:—

ਉਜਲੁ ਕਹਿਆ ਚਿਲਕਣਾ ਘੋਟਿਮ ਕਾਲੜੀ ਮਸੁ।
ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ॥੧॥
ਸਜਣ ਸੇਈ ਨਾਲਿ ਮੈ ਚਲਦਿਆਂ ਨਾਲਿ ਚਲੰਨਿ।
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥੧॥ਰਹਾਉ॥
ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ॥
ਢਠੀਆ ਕੰਮਿ ਨ ਆਵਨੀ ਵਿਚਹੁ ਸਖਣੀਆਹਾ॥੨॥
ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ।
ਘੁਟਿ ਘੁਟਿ ਜੀਆ ਖਾਵਣੇ ਬਗੇ ਨ ਕਹੀਅਨਿ॥੩॥
ਸਿੰਮਲ ਰੁਖੁ ਸਰੀਰੁ ਮੈ ਮੈਜਨਿ ਦੇਖਿ ਭੁਲੰਨਿ।
ਸੇ ਫਲ ਕੰਮਿ ਨ ਆਵਨੀ ਤੇ ਗੁਣ ਮੈ ਤਨਿ ਹੰਨਿ॥੪॥
ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ।
ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ॥੫॥
ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ।

ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ ॥੮॥੧॥੩॥
ਤਬ ਦਰਸਨ ਕਾ ਸਦਕਾ ਬੁਧਿ ਹੋਇ ਆਈ। ਜਾ ਵੀਚਾਰੇ, ਤਾਂ
'ਸਭੁ ਮੈਂ ਗੁਨਾਹ ਸਭੀ ਕੀਏ ਹੈਨਿ।' ਤਬ ਆਇ, ਉਠਿ ਕਰ
ਪੈਰੀ ਪਇਆ, ਪੈਰ ਚੁੰਮਿਓਸੁ। ਆਖਿਓਸੁ, 'ਜੀਉ ਮੇਰੇ
ਗੁਨਾਹ ਬਖਸੁ ਕਰੋ।' ਤਬ ਬਾਬੇ ਆਖਿਆ, 'ਸੇਖ ਸਜਣਿ,
ਖੁਦਾਇ ਕੀ ਦਰਗਾਹ ਦੁਹੁ ਗਲੀ ਗੁਨਾਹ ਬਖਸੁ ਹੋਂਦੇ ਜਿਨਿ]
ਤਬ ਸੇਖਿ ਸਜਣ ਅਰਜੁ ਕੀਤੀ, ਆਖਿਓਸੁ, 'ਜੀ ਉਹੀ ਗਲ
ਕਹੁ, ਜਿਨੀ ਗਲੀ ਗੁਨਾਹ ਬਖਸੁ ਹੋਨਿ।' ਤਬ ਗੁਰੂ
ਨਾਨਕੁ ਮਿਹਰਵਾਨੁ ਹੋਇਆ, ਆਖਿਓਸੁ, 'ਸਚੁ ਕਹੁ ਜੋ
ਤੂੰ ਖੂਨ ਕੀਤੇ ਹੈਨਿ।' ਤਬ ਸੇਖ ਸਜਣ ਜਾਹਰਾ ਸਭੋ ਸਚੁ
ਬੋਲਿਆ। ਕਹਿਓਸੁ, 'ਜੀ ਬਹੁਤੁ ਪਾਪੁ ਕੀਤੇ ਹੈਨਿ।' ਤਬ
ਗੁਰੂ ਨਾਨਕ ਆਖਿਆ, 'ਜੋ ਕਛੁ ਤਿਨਕੀ ਬਸਤੁ ਰਹੀ ਹੈ
ਸੋ ਲਿਆਉ ਆਗੈ।' ਤਬ ਸੇਖ ਸਜਣਿ ਹੁਕਮੁ ਮੰਨਿਆ, ਬਸਤੁ
ਲੈ ਆਇਆ, ਖੁਦਾਇ ਕੇ ਨਾਇ ਲੁਟਾਈ। ਗੁਰੂ ਗੁਰੂ ਜਪਣਾ ਲਗਾ।
ਨਉਨਿਧਿਵੀਰ ਸਿਖ ਹੋਆ॥ ਬੋਲਹੁ ਵਾਹਿਗੁਰੂ॥

ਪਾਣੀਪਤ ਤਬਿ ਉਥਹੁ ਚਲੇ, ਪੈਂਡੇ ਪੈਂਡੇ ਵਿਚਿ ਪਾਣੀਪਥਿ ਆਇ ਨਿਕਲੇ।
ਤਬਿ ਪਾਣੀਪਥ ਕਾ ਪੀਰੁ ਸੇਖੁ ਸਰਫੁ ਥਾ। (ਉਸਨਾਲ
ਮੇਲ ਹੋਆ ਤੇ ਵਾਰਤਾਲਾਪ ~~ਹੋਈ~~ ਹੋਈ।) ਤਬ ਬਾਬਾ ਤੇ ਮਰਦਾਨਾ
ਦਿੱਲੀ ਚਲਦੇ ਰਹੇ। ਆਇ ਦਿਲੀ ਨਿਕਸੇ। ਤਬਿ ਦਿਲੀ ਕਾ ਪਾਤਿਸਾਹੁ
ਸੁਲਤਾਨੁ ਇਬ੍ਰਾਹਮੁ ਲੋਦੀ ਥਾ। ਓਥੈ ਜਾਇ ਰਹਿ ਹੈ ਮਹਾਵਤਾ
ਵਿਚਿ। ਉਨਿ ਖਿਜਮਤਿ ਬਹੁਤੁ ਕੀਤੀ। ਤਬਿ ਇਕੁ ਹਾਥੀ ਪਾਸਿ
ਮੂਆ ਪਇਆ ਥਾ, ਲੋਕ ਪਿਟਦੇ ਰੋਂਦੇ ਆਹੈ। ਬਾਬੇ ਮਿਹਰ
ਕੀਤੀ, ਆਖਿਓਸੁ, 'ਜਾਇ ਕਰ ਇਸਦੇ ਮੁਹਿ ਉਪਰਿ ਹਥੁ ਫੇਰਹੁ
ਵਾਹਗੁਰੂ ਆਖੋ।' ਉਨੁ ਆਗਿਆ ਮੰਨੀ, ਜਾਇ ਹਥ
ਫੇਰਿਆ, ਤਾਂ ਹਾਥੀ ਉਠਿ ਖੜਾ ਹੋਆ।

ਬਾਬਾ ਚਲਦਾ ਰਹਿਆ, ਉਦਾਸੀ ਕੀਤੀ ਪੂਰਬ ਕੀ। ਤਦਹੁ
~~[illegible]~~ ਰਾਹ ਵਿਚਿ ਸ਼ੇਖ ਬਜੀਦੁ ਸਈਅਦ ਮਿਲਿਆ। ਸੁਖਪਾਲ ਵਿਚ ਚੜ੍ਹਿਆ
ਸ਼ੇਖ ਬਜੀਦ ਜਾਂਦਾ ਆਹਾ। ਤਿਸਦੇ ਕਹਾੜ੍ਹਿਆ ਨਾਲਿ ਛਿਆ ਕਹਾਰ ਥੇ। ਤਬਿ
ਓਹੁ ਜਾਇ ਉਤਰਿਆ ਏਕ ਦਰਖਤ ਤਲੈ। ਤਾਂ ਓਹ ਲਾਗੇ ਕਿਰਹਿ,
ਅਤੇ ਘੂਟਹਿ। ਤਬਿ ਮਰਦਾਨੇ ਆਖਿਆ, 'ਜੀ ਖੁਦਾਇ ਏਕੁ
ਹੈ, ਕਿਉ ਹੈ?' ਤਬ ਬਾਬੇ ਆਖਿਆ, 'ਹੇ ਮਰਦਾਨਿਆ, ਖੁਦਾਇ ਏਕੁ

ਹੈ।" ਤਬ ਮਰਦਾਨੇ ਅਰਜ ਕੀਤੀ ਆਖਿਓਸੁ, 'ਜੀ ਪਾਤਸਾਹ, ਏਹੁ ਕਿਸ ਦੀ ਪੈਦਾਇਸੁ ਹੈ, ਅਤੇ ਕਿਸ ਦੀ ਪੈਦਾਇਸ ਹੈ ਜੋ ਸੁਖਪਾਲ ਵਿੱਚ ਚੜ੍ਹਿਆ ਆਇਆ ਹੈ। ਅਤੇ ਏਹ ਘੋੜਾ ਤੇ ਉਪਰਾਹੇ ਭੀ ਹੈਨਿ; ਅਤੇ ਪਿਛੇ ਨੇਜੇ; ਕਾਂਧੇ ਚੀਕਦੇ ਤੇ ਕੋਈ ਆਏ ਹੈਨੇ। ਅਤੇ ਏਹ ਚੌਰ ਫਿਰਦੇ ਹਨਿ।' ਤਬ ਬਾਬਾ ਬੋਲਿਆ, 'ਮਰਦਾਨਿਆ ਤਪ ਤੇ ਰਾਜ ਹੈ, ਰਾਜ ਤੇ ਨਰਕ ਹੈ। ਅਤੇ ਜੋ ਕੋਈ ਆਇਆ ਹੈ ਮਾਤਾ ਦੇ ਪੇਟ ਤੇ, ਨੰਗਾ ਆਇਆ ਹੈ, ਅਤੇ ਸੁਖ ਦੁਖੁ ਪਿਛਲਾ ਲੇਖ ਚਲਿਆ ਜਾਇ।' ਤਬ ਮਰਦਾਨਾ ਪੈਰੀ ਪਇਆ।

ਧਨਾਸਰ ਓਥਹੁ ਚਲੇ, ਧਨਾਸਰ ਆਏ। ਤਬ ਆਇ ਬਾਹਰ ਵਿਚ ਬੈਠੇ। ਤਿਥੈ ਧਨਾਸਰ ਦਾ ਪੰਡਿਤ ਚਤੁਰਦਾਸੁ ਥਾ। ਸੋ ਇਸ਼ਨਾਨ ਕਰਿ ਆਇਆ ਥਾ, ਆਇ ਰਾਮ ਰਾਮ ਕੀਤੀਓਸੁ। ਭੇਖੁ ਦੇਖਿਕੈ ਬੈਠਿ ਗਇਆ। ਠਾਕੁਰ ਸਾਥ ਲੈਇਆ ਚਾਕੇ ਨੇ ਸਾਲਗਰਾਮ, ਤੁਲਸੀ ਮਾਲਾ ~~ਆਦਿ~~ ਬਾਰਹ ਸਚੀ ਦਿਖਾਇਆ, ਤਿਨ੍ਹਾਂ ਆਦਿ ਨੂੰ ਦਰਗਾਹ ਵਿਚ ਚੀਜਨਾ ਲਾਵੇ ਉਪਦੇਸ਼ ਦਿਤਾ ਜੋ 'ਟਪਣੀ ਓਅੰਕਾਰ' ਵਿਚ ਹੈ। ਤਬ ਪੰਡਿਤ ਆਖਿ

ਪੰਜੀ ਪਹਿਆ, ਨਾਉ ਧਰੀਕਉਤਾ, ਗੁਰੂ ਗੁਰੂ ਜਪਣਾ ਜਪਹੁ।
ਤਬ ਬਾਬੇ ਜੀ ਨਿਹਾਲੁ ਕਰਦੇ ਹੋ॥

ਨਾਨਕਮਤਾ

ਤਬ ਨਾਨਕਮਤੈ ਆਇ ਨਿਕਲੇ। ਓਥੇ ਇਕਸੁ ਪਿਪਲੇ ਤਲੇ ਜਾਇ ਬੈਠੇ। ਓਥੈ ਧੂਣੀ ਪਾਈ। ਸਿਧਾਂ ਡਿਠਾ, ਆਇ ਬੈਠੇ। ਤਬ ਸਿਧਾਂ ਪੁਛਿਆ 'ਹੇ ਬਾਲਕੇ! ਤੂੰ ਕਿਸਕਾ ਸਿਖ ਹੈ? ਦੀਖਿਆ ਕੈ ਕਿਸਤੇ ਲਈ ਹੈ? ਤੂੰ ਜੋਗੀ ਹੋਇ, ਦਰਸਨ ਭੇਖ ਲੇਹੁ।' ਤਬ ਬਾਬੇ ਸਬਦ ਉਠਾਇਆ, ਰਾਗ ਸੂਹੀ ਵਿਚ:—

ਜੋਗੁ ਨ ਖਿੰਥਾ, ਜੋਗੁ ਨ ਡੰਡੈ, ਜੋਗੁ ਨ ਭਸਮ ਚੜਾਈਐ।
ਜੋਗੁ ਨ ਮੁੰਦੀ, ਮੂੰਡਿ ਮੁਡਾਇਐ, ਜੋਗੁ ਨ ਸਿੰਙੀ ਵਾਈਐ।
ਅੰਜਨ ਮਾਹਿ ਨਿਰੰਜਨਿ ਰਹੀਐ, ਜੋਗ ਜੁਗਤਿ ਇਵ ਪਾਈਐ॥੧॥
ਗਲੀ ਜੋਗੁ ਨ ਹੋਈ॥
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ, ਜੋਗੀ ਕਹੀਐ ਸੋਈ॥੧॥ ਰਹਾਉ॥
ਜੋਗੁ ਨ ਬਾਹਰਿ ਮੜੀ ਮਸਾਣੀ, ਜੋਗੁ ਨ ਤਾੜੀ ਲਾਈਐ॥
ਜੋਗੁ ਨ ਦੇਸਿ ਦਿਸੰਤਰਿ ਭਵਿਐ, ਜੋਗੁ ਨ ਤੀਰਥਿ ਨਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ, ਜੋਗ ਜੁਗਤਿ ਇਵ ਪਾਈਐ॥੨॥

ਸਤਿਗੁਰੁ ਭੇਟੈ ਤਾ ਸਹਸਾ ਤੂਟੈ, ਧਾਵਤੁ ਵਰਜਿ ਰਹਾਈਐ।
ਨਿਝਰੁ ਝਰੈ, ਸਹਜ ਧੁਨਿ ਲਾਗੈ, ਘਰ ਹੀ ਪਰਚਾ ਪਾਈਐ।
ਅੰਜਨ ਮਾਹਿ ਨਿਰੰਜਨਿ ਰਹੀਐ, ਜੋਗ ਜੁਗਤਿ ਇਵ ਪਾਈਐ ॥੩॥
ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ~~ਜੁਗਤਿ ਇਵ ਪਾਈਐ~~ ਕਮਾਈਐ।
ਵਾਜੇ ਬਾਝਹੁ ਸਿੰਙੀ ਵਾਜੈ, ਤਉ ਨਿਰਭਉ ਪਦੁ ਪਾਈਐ।
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ ॥੪॥

ਤਬਿ ਸਿਧਾ ਆਦੇਸੁ ਆਦੇਸੁ ਕੀਤਾ, ਜੋ ਇਹ ਕੋਈ ਮਹਾਪੁਰਖੁ ਹੈ। ਤਬਿ ਬਾਬਾ ਉਥਹੁ ਰਵਦਾ ਰਹਿਆ।

ਵਣਜਾਰਿਆ ਕਾ ਟਾਂਡਾ

ਇਕਤੁ ਟਾਂਡੈ ਆਇ ਨਿਕਲੇ, ਵਣਜਾਰਿਆ ਕੈ। ਤਬਿ ਨਾਇਕ ਕੇ ਬਾਹਰਿ ਆਇ ਬੈਠੇ, ਉਸਕੈ ਘਰਿ ਪੁਤੁ ਹੋਆ ਥਾ, ਅਤੇ ਲੋਕ ਬਹੁਤੁ ਮੁਬਾਰਖੀ ਦੇਵਣਿ ਆਵਨਿ, ਕੋਈ ਆਇ ਨਚਤਾ ਗਾਵੈ ਕੋਈ ਨਾਚ ਆਸੀਸਾਂ ਦੇਵੈ। ਤਬ ਮਰਦਾਨਾ ਬੈਠਾ ਤਮਾਸਾ ਦੇਖੈ। ਜਾਂ ਨਾਨਕੁ ਦਿਨੁ ਹੋਇਆ, ਤਾਂ ਓਹ ਉਠ ਗਇਆ ਘਰੋਂ। ਤਬ ਮਰਦਾਨੇ ਨੂੰ ਭੁਖਿ ਲਾਗੀ ਥਕੀ ਬਹੁਤੁ। ਆਖਿਓਸੁ, 'ਜੀਵੈ ਪਾਤਸਾਹ, ਇਸ ਤਾਂਆਂਨੀ ਖਬਰਿ ਕਿਛੁ ਨਾਹੀ, ਇਸ ਕੇ ਘਰਿ ਅਜੁ ਪੁਤੁ ਹੋਆ ਹੈ, ਆਪਣੀ ਖੁਸਿ ਰਹਾਇ ਨਾਲਿ ਉਠਿ ਗਇਆ।' ਤਬਿ ਬਾਬਾ

ਰਸਿਆ, ਆਖਿਓਸੁ, 'ਮਰਦਾਨਿਆ! ਏਸਦੇ ਘਰ ਪੁਤ੍ਰ ਨਾਹੀ ਹੋਇਆ, ਏਸਦੇ ਘਰਿ ਇਕ ਕਰਮਾਤੀ ਆਇਆ ਹੈ। ਤੁਸਾਡਾ ਰਹੁ ਰਾਤਿ ਰਹੈਗਾ, ਭਲਕੇ ਉਠਿ ਜਾਵੈਗਾ।

ਜਬਿ ਭਲਕੁ ਹੋਆ, ਤਾਂ ਓਹੁ ਜਾਤਿਕਾ ਮਰਿਆ, ਤਾਂ ਰੋਵਣੇ ਪਿਟਣੇ ਲਗਣੇ। ਤਾਂ ਮਰਦਾਨੇ ਅਰਜ ਕੀਤੀ, ਆਖਿਓਸੁ, 'ਜੀ, ਇਸਦੇ ਘਰਿ ਕਿਆ ਵਰਤੀ? ਕਹਿ ਅਜਿਹਾ ਪਹੇਰੇ ਆਏ, ਜਸਦੇ ਥੇ, ਥੇਰਦੇ ਥੋਂ' ਤਬਿ ਬਾਬੇ ਸਲੋਕ ਦਿਤਾ:-

ਜਿਤੁ ਮੁਹਿ ਮਿਜਾਜਿ ਮੁਬਾਰਖੀ ਲਖ ਮਿਲੈ ਆਸੀਸ।
ਤੇ ਮੁਹ ਫਿਰਿ ਪਿਟਾਈਅਨਿ ਸਨੁ ਤਨੁ ਸਣੇ ਕਰੀਸ॥
ਇਕ ਮੁਏ ਇਕ ਰਖਿਆ ਇਕ ਦਿਤੇ ਨਦੀ ਵਹਾਇ।
ਗਇਆ ਮੁਬਾਰਖੀ ਨਾਨਕਾ, ਭੀ ਜਸੇ ਨੂੰ ਜਾਵਣਾ॥੪॥

ਤਬ ਬਾਬਾ ਤੇ ਮਰਦਾਨਾ ਓਥਹੁ ਚਲੇ।

ਤਬਿ ਜਾਇ ਦਿਨ ਇਕ ਰੋਹਿਲਿਆਂ ਦੀ ਵਾੜੀ ਆਈਓਸੁ। ਤਬਿ ਪਾਣੀ ਉਸ ਦਾ ਜਗਾ ਹੋਤਾਂ ਕਰਹਿ। ਤਬ ਮਰਦਾਨੇ ਕਹਿਆ ਆਖੀ, 'ਜੇ ਬਾਬਾ ਕਹੈ ਤਾਂ ਦੁਇ ਕਰ ਬੂਰੇ ਲੈਹਿ।' ਤਬਿ ਬਾਬਾ ਮੁਸਕਰਾਇਆ, ਜਾਇ ਬੈਠੇ। ਤਬ ਉਸ ਪਾਲੀ ਹੋਲੇਂ ਆਣੇ

ਆਹਿ ਰਖੈ। ਤਬ ਬਾਬੇ ਮਰਦਾਨੇ ਨੂੰ ਦਿਤੇ। ਤਾਂ ਉਸ ਨੇੜ੍ਹੇ ਦੇ ਜੀਆ ਆਖਈ, ਜੇ 'ਕਿਛੁ ਖਰਿਤੇ ਲੈ ਆਵਾਂ, ਫ਼ਕੀਰ ਦੇ ਮੁਹਿ ਪਾਵਹੁ ਤਾਈ।' ਤਬ ਉਨ ਓਹਿ ਰਖਿਆ। ਤਾ ਬਾਬੇ ਪੁਛਿਆ। ਤਾਂ ਆਖਿਓਸ, 'ਜੀ ਕਛੁ ਖਰੋ ਲੈ ਆਵਾਂ, ਤੇਰੇ ਮੁੰਹ ਪਾਵਹੁ ਤਾਈ।' ਤਬਿ ਬਾਬੇ ਅਸੀਸ ਦਿਤੀ। ਉਥੋਂ ਰਵਦਾ ਰਹਿਆ॥

ਤਾਂ ਮਰਦਾਨੇ ਆਖਿਆ, "ਜੀ ਕਿਥਾਉਂ ਰੋਟੀਆਂ ਖਾਵਸਾਂ?" ਤਬਿ ਬਾਬੇ ਆਖਿਆ, "ਭਲਾ ਹੋਵੈਗਾ, ਜੋ ਕੋਈ ਰਾਤੀਂ ਆਵੈ ਤਾਂ ਖੈਰ ਹੂਆ।" ਤਬ ਸਹਰ ਦੇ ਲੋਕ ਦੇਖ ਉਠਿ ਆਇ ਖੈਰ ਰਾਤਿ ਦਿਤਿ। ਤਬਿ ਉਸ ਰਾਤਿ ਦਿਤਿ ਇਕਸ ਖਤ੍ਰੀ ਦੀ ਲੱਗ ਆਈ। ਓਹ ਇਕ ਦਿਨ ਆਇ ਦਰਸਨ ਦੇਖਹੁ ਆਇਆ। ਦਰਸਨ ਦੇਖਨੇ ਨਾਲ ਨਿਤਾ ਪ੍ਰਤਿ ਆਵੈ, ਸੇਵ ਕਰਾ। ਤਬ ਇਕ ਦਿਨ ਨੇਮ ਕੀਤਸੁ, ਜੋ 'ਦਰਸਨ ਬਿਨਾ ਲੇਨਾ ਦਿਨੁ ਨਾਹੀ ਜਲ ਪਾਨਾ।'

ਤਬਿ ਏਕਦਿਨ ਪਾਸਕੇ ਹਟਵਾਣੀਏ ਪੁਛਿਆ, ਜੋ 'ਭਾਈ ਜੀ, ਤੂੰ ਨਿਤਾਪ੍ਰਤਿ ਦਿਨੁ ਜਾਂਦਾ ਹੈਂ ਕਾਂਹੁ? ਆਖੈ ਕਿਤੈ

ਪੈਰਾਂ ਪਾਇ ਜਾਣਾ ਪਵਿਗਾ।' ਤਾਂ ਉਨਿ ਸਿਖ ਆਖਿਆ, 'ਭਾਈ ਜੀ ਇਕ ਸਾਧੂ ਆਇ ਰਹਿਆ ਹੈ, ਉਸਦੇ ਦਰਸਨ ਜਾਂਦਾ ਹਾਂ।' ਤਬਿ ਉਸ ਕਹਿਆ, 'ਜੀ, ਉਸਦਾ ਦਰਸਨ ਮੈਨੂੰ ਭੀ ਕਰਾਇ।' ਤਬਿ ਉਸ ਸਿਖ ~~ਕਹਿਆ~~ ਕਿਹਾ, 'ਜੀ ਤੁਸੀ ਭੀ ਚਲਹੁ।' ਤਬਿ ਇਕੁ ਦਿਨ ਓਹ ਭੀ ਨਾਲਿ ਆਇਆ। ਆਂਵਦਿਆ, ਆਂਵਦਿਆ ਇਕ ਨੂੰ ਉਕੜੀ ਸਾਥ ਅਟਕਿਆ। ਤਬਿ ਤ੍ਰਿਤਾਪੂਤਿ ਘਰਿ ਤੇ ਇਕਠੇ ਆਵਨਿ, ਤਾਂ ਓਹ ਜਾਂਦੇ ਲੋਗੀਸਾਨੇ, ਅਤੇ ਓਹ ਜੋ ਆਵੈ ਆਵਦਾ ਆਹਾ, ਸੋ ਆਵੈ ਗੁਰੂ ਪਰਮੇਸਰ ਦੀ ਸੇਵਾ ਕਰਹਿ। ਤਬਿ ਇਕ ਦਿਨ ਉਸ ਕਹਿਆ, 'ਭਾਈ ਜੀ ਮੈਂ ਜਾਂਦਾ ਹਾਂ ਵਿਕਰਮ ਕਰਨ, ਅਤੇ ਤੂੰ ਜਾਂਦਾ ਹੈਂ ਸਾਧੂ ਦੀ ਸੇਵਾ ਕਰਨਿ। ਅਜ ਤੇਰਾ ਅਤੇ ਮੇਰਾ ਕਰਾਰੁ ਹੈ ਜੋ ਦੇਖਾ ਤੈਨੂੰ ਕਿਆ ਪਰਾਪਤਿ ਹੋਂਦੀ ਹੈ ਅਤੇ ਮੈਨੂੰ ਕਿਆ ਮਿਲੇਗਾ।' ਤਬ ਉਨ੍ਹਾਂ ਇਕ ਇਕਾਨ ਮੁਕਰਰ ਕੀਤਾ, ਤਾਂ ਆਖਿਓਨ, 'ਜੇ ਤੂੰ ਅਗੈ ਆਵੈਂ, ਤਾਂ ਈਟਾਂ ਆਇ ਬੈਠਨ, ਅਤੇ ਜੇ ਮੈਂ ਆਵਾਂ, ਤਾਂ ਆਇ ਬੈਠਨਾ। ਅਜ ਇਕਠੇ ਹੋਇਕਰ ਚਲਨਾ।' ਜਬਿ ਓਹੁ ਜਾਂਦੇ ਤਾਂ ਨੂੰ ਉਕੜੀ ਤੇਰੇ ਨਾਹੀ। ਤਬ ਓਹੁ ਦਰਮੀਰੁ ਹੋਇ ਕਰਿ ਉਠਿ ਆਇਆ। ਆਇ ਕਰ ਇਕਾਂਤ ਉਪਰਿ ਆਇ ਬੈਠਾ। ਫਿਰਿ

ਨਾਲਿ ਜਗਾ ਪਰਤੀ ਖੋਲ੍ਹਿ। ਜੇ ਦੇਖੈ, ਤਾ ਇਕ ਮੋਹਰ ਹੈ।
ਤਬਿ ਫੁਨੀ ਦਹਿ ਕਰਿ ਜਗਾ ਖੋਲਤਿ। ਜਾ ਦੇਖੈ, ਤਾਂ ਦੇਖੈ
ਓਹੁ ਘਰ ਭਰਿਆ ਹੋਆ।

ਤਬਿ ਓਹ ਗੁਰੂ ਪਾਸਹੁ ਸਿਖ ਖੁਸੀ ਹੋ ਕਰਿ ਚਲਿਆ,
ਤਾਂ ਰਹਿ ਤੇ ਬਾਹਰੁ ਕੰਡਾ ਚੁਭਿਓਸੁ। ਤਾਂ ਕਪੜੇ ਜਾਇ ਪੈਰੁ
ਧੋਇ ਕਰਿ ਆਇਆ। ਇਕ ਜੁਤੀ ਰਹੀ, ਇਕ ਜੁਤੀ ਗੇਹੀ।
ਤਬਿ ਉਸੁ ਪੁਛਿਆ, 'ਭਾਈ ਜੀ! ਜੁਤੀ ਚੜਾਇ ਲੇਹਿ।'
ਤਬ ਉਸ ਕਹਿਆ, 'ਭਾਈ ਜੀ! ਮੇਰੇ ਪੈਰ ਕੰਡਾ ਚੁਭਿਆ ਹੈ।'
ਤਬਿ ਉਸੁ ਕਹਿਆ, 'ਭਾਈ ਜੀ! ਅਜ ਮੈਂ ਪਾਈ ਮੋਹਰ, ਅਤੇ
ਤੈਨੂੰ ਚੁਭਿਆ ਕੰਡਾ, ਇਹ ਬਾਤ ਪੁਛੀ ਚਾਹੀਐ। ਜੋ ਤੂੰ ਜਾਂਦੈ
ਗੁਰੂ ਕੀ ਸੇਵਾ ਕਰਿਤਿ, ਅਤੇ ਮੈਂ ਜਾਂਦਾ ਪਾਪ ਕਮਾਵਦਿਤਿ।'
ਤਬਿ ਦੋਵੈ ਆਇਕੈ ਆਇਕਰ ਬੇਨਤੀ ਕੀਤੀ, ਹਕੀਕਤ ਆਖਿ
ਸੁਣਾਈ। ਤਬਿ ਗੁਰੂ ਬੋਲਿਆ, 'ਚੁਪ ਕਰਿ ਰਹੁ, ਦੋਸ ਕਾਈ
ਨਾਹੀ।' ਤਾਂ ਉਨ ਆਖਿਆ, 'ਜੀ ਬਖਸੀ ਦੀਚੈ।' ਤਬਿ ਬਾਬਾ
ਬੋਲਿਆ, ਆਖਿਓਸੁ, 'ਓ ਜੋ ਸਹੁ ਕੋਇਆਂ ਦਾ ਥਾ, ਸੋ ਸਭ
ਮੋਹਰਾਂ ਕੀਆਂ। ਪਿਛੇ ਜਨਮ ਕਾ ਬੀਜਿਆ ਹੈ, ਇਕ ਮੋਹਰ
ਸਾਧੂ ਕੇ ਹਥਿ ਦਿਤੀ ਥੀ, ਤਿਸਦਾ ਬਦਲਾ ਮੋਹਰਾਂ ਹੋਈਆ

ਥੀਆਂ। ਪਰੁ ਜਿਉ ਜਿਉ ਦਿਵਾਨਾਂ ਨੂੰ ਦਉੜਿਆ, ਤਿਉ ਤਿਉ ਸੁਣਾਂ ਦੇ ਕੋਇਲੇ ਹੋਇ ਗੈ। ਅਤੇ ਤੇਤੇ ਲੋਕ ਸੂਜੀ ਥੀ ਜਿਉ ਜਿਉ ਮੇਵਾ ਨੂੰ ਆਇਆ, ਤਿਉ ਤਿਉ ਸੂਜੀ ਘਟ ਗਈ। ਸੂਜੀ ਦਾ ਕੋਤ੍ਰਾ ਹੋਇਆ ਮੇਵਾ ਦਾ ਸਰਕਾ। ਤਉ ਉਹਿ ਪੈਰੀਂ ਪਏ, ਨਾਉ ਫਕੀਰ ਸਿੱਖ ਹੋਏ, ਗੁਰੂ ਗੁਰੂ ਲਾਗੇ ਜਪਹਿ॥

ਤਬ ਉਥਹੁ ਚਲੇ। ਪੈਂਡੇ ਵਿਚ ਨਗ ਮਿਸਕਣੇ। ਦੇਖ ਕਰ ਆਖਿਓ ਨੇ, 'ਇਸਦੇ ਮੁਹਿ ਵਿਚਿ ਅੰਮ੍ਰੀ ਕੋਤਿ ਹੈ, ਪੈ ਖਾਸੀ ਨਹੀਂ। ਇਸਦੇ ਪਲੈ ਬਹੁਤ ਵਸਤੀਆਂ ਹੈ, ਪਰ ਭੁੱਖੀ ਹੈ।' ਤਬਿ ਬਾਬੇ ਦੇ ਕਉਤਕ ਸਾਰਿ ਖੜੇ ਹੋਏ। ਗੁਰੂ ਪੁਛਿਆ, 'ਤੁਸੀ ਕਵਣ ਆਹਹੁ?' ਤਬਿ ਉਹਿ ਕਹਿਨਿ, 'ਅਸੀ ਠਗੁ ਹਾਂ, ਤੇਰੇ ਮਾਰਣੁ ਕਉ ਆਏ ਹਾਂ।' ਤਬਿ ਬਾਬੇ ਆਖਿਆ, 'ਭੁਲਾ ਹੋਇ, ਇਕ ਕਮ ਕਰਿ ਕੈ ਮਾਰਹੁ।' ਤਬ ਉਨਾ ਕਹਿਆ, 'ਕੰਮ ਕੇਹਾ ਹੈ?' ਤਬਿ ਬਾਬੇ ਕਿਹਾ, 'ਓਹ ਜੋ ਧੂੰਆਂ ਨਦਰਿ ਆਂਵਦਾ ਹੈ, ਤਹਾਂ ਤੇ ਅਗਨਿ ਲਿਆਵਹੁ, ਮਾਰਿ ਦਾਗੁ ਦੇਵਹੁ।' ਤਬ ਠਗਾਂ ਆਖਿਆ, 'ਕਣਾਂ ਆਣਿ, ਕਰਾਂ ਹਸਿ, ਮਾਰਿ ਜੁੜਿ ਕਰਹੁ।' ਤਬਿ ਇਕ ਨੇ ਆਖਿਆ, 'ਅਸਾਂ ਬਹੁਤ ਜੀਅ ਮਾਰੇ ਹੈਨਿ, ਪਰ ਹਸਿ ਕਰਿ

ਤਿਸੈ ਨਾਲੀ ਕਹਿਆ—'ਜੇ ਸਾਹੁ, ਸਭੁ ਆਇ ਅੰਦਰਹੁ ਨਿਕਸੁ ਭਏ। ਤਬਿ ਗੁਰੂ ਨਾਨਕ ਮਿਹਰਵਾਨੁ ਹੋਆ। ਆਖਿਓਸੁ, 'ਤੁਸਾਡੇ ਪਾਪ ਤਬਿ ਹੀ ਬਿਨਾਸ ਹੋਵਨਿ, ਜਾ ਇਹੁ ਕਿਰਤੁ ਛੋਡਹੁ, ਅਤੇ ਕਿਰਸਾਣੀ ਕਰਹੁ, ਅਤੈ ਜੋ ਕੁਛ ਵਸਤੁ ਰਹਿਣੀ ਹੈ, ਸੋ ਪਰਮੇਸਰ ਕੇ ਨਾਇ ਦੇਵਹੁ; ਅਤੀਤਾਂ ~~[illegible]~~ ਦੇ ਮੁਹਿ ਪਾਵਹੁ।' ਤਬਿ ਉਨਾਂ ਆਗਿਆ ਮੰਨ ਲਈ; ਜੋ ਕੁਛ ਵਸਤੁ ਥੀ, ਸੋ ਆਣਿ ਆਗੈ ਰਾਖੀ, ਗੁਰੂ ਗੁਰੂ ਲਗੇ ਜਪਣਿ। ਨਾਮ ਸਾਧਿਆ। ~~ਤਬਿ ਬਾਬੇ ਕਹਿਆ~~ ਤਾਂ ਗੁਰੂ ਕੀ ਖੁਸੀ ਹੋਈ ਉਧਰੁ ਗਏ ਹੈ॥ ਬੋਲਹੁ ਵਾਹਿਗੁਰੂ॥

ਤਬ ਦਰਿਆਉ ਦੇਸਿ ਆਇ ਨਿਕਸੇ। ਤਬਿ ਇਕ ਦਿਨ ਮਰਦਾਨੇ ਨੂੰ ਭੁਖ ਲਗੀ, ਤਾਂ ਮਰਦਾਨੇ ਕਹਿਆ, 'ਜੀ ਪਾਤਸਾਹ! ਭੁਖ ਹੈ, ਤਾਂ ਰਹਣੁ ਇਕ ਨਾਹੀਂ।' ਤਬ ਬਾਬੇ ਕਹਿਆ, 'ਮਰਦਾਨਿਆ! ਇਹੁ ਕਾਵਰੂ ਦੇਸੁ ਹੈ; ਤੂ ਜਾਣਾ ਹੈ ਤਾਂ ਜਾਹਿ।' ਤਬ ਮਰਦਾਨਾ ਉਠ ਗਇਆ। ਜਾਇ ਕਰਿ ਇਕ ਤ੍ਰੀਅਤ ਦੇ ਵਹਿ ਖੜਾ ਹੋਆ, ਓਸ ਭੁਲਾਇ ਲੀਆ॥ ~~[illegible]~~

ਫਿਰਿ ਹੋਈ ਜੰਬਾਬਾ ਪੁਛ ਕਰਣਾ ਆਇਆ। ਤਬ ਬਾਬੇ ਵੇਖੇ

ਦੇਖਿ ਕਰ ਸਭਾ ਮੈਂ ਆਕੜਹਿ, ਗੁਰ ਨ ਕੋਈ ਆਵਣੇ ਨਾਹਿ। ਤਬਿ ਗੁਰੂ ਬਾਬਾ ਚਲਿਆ। ਆਖਿਓਸੁ, 'ਮਰਦਾਨਿਆ ਵਾਹਗੁਰੂ ਕਹਿਕਰ ਖੜਾ ਦੇਹੁ ਰਬਾਬ ਲੈਕਰਿ ਆਉ।' ਮਰਦਾਨੇ ਰਬਾਬ ਵਜਾਇਆ, ਗੁਰੂ ਬਾਬੇ ਸਲੋਕ ਕਿਤਾ:-

ਗਲੀਂ ਅਸੀਂ ਚੰਗੀਆਂ ਆਚਾਰੀ ਬੁਰੀਆਹ।
ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ।
ਰੀਸਾਂ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ।
ਨਾਲਿ ਖਸਮੈ ਰਤੀਆਂ ਮਾਣਹਿ ਸੁਖ ਰਲੀਆਹ।
ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ।
ਨਾਨਕ ਜਨਮੁ ਸਕਾਰਥਾ ਜੇ ਤਿਨਕੈ ਸੰਗਿ ਮਿਲਾਹ॥

Cyclone & Waterspout

ਤਬਿ ਬਾਬਾ ਉਥੈ ਰਹਣਾ ਰਹਿਆ। ਜਾਂਦਾ ਜਾਂਦਾ ਉਦਿਆਨ ਵਿਚਿ ਗਇਆ, ਜਾਇ ਬੈਠਾ। ਤਬਿ ਪਰਮੇਸਰਿ ਕੀ ਆਗਿਆ [illegible struck word] ਅੰਧੇਰੀ ਵਡੀ ਆਈ, [illegible] ਉਠੀਆ। ਧੂਆਂ [illegible] ਪਿਛਾਂ ਤੇ ਉਠਿਆ, [illegible] ਲੋਈਆਂ। ਘਟਾ ਚੜਿ ਆਈ, ਜਿਵੇਂ ਵਰਸਣੁ ਲਾਗੀ, ਪਰ ਬਾਬੇ ਤੇ ਕੁਝ ਪਵੈ।
ਉਹ ਸਾਰਾ ਦੇਖੇ
~~ਜੋ ਦੇਖਨ~~ ਤਾਂ ਵਿਚਰੂਪ ਸਾਮਣਿਓ ਵਡਾ ਆਇਆ ਨਦੀ।

ਕੇਰੀ ਅਕਸਮਾਤ ਨਾਲਿ ਭੀੜੀਆਸਾ। ਤਬਿ ਮਰਦਾਨਾ ਬਹੁਤ ਭੈਮਾਨ ਹੋਇਆ, ਆਖਿਓਸੁ, 'ਜੀਉ ਪਾਤਸਾਹੁ, ਆਹੁ ਉਜਾੜ ਵਿਚਿ ਪਾਇ ਮਾਰਿਓ, ਜੀਵਣੁ ਗਇਆ, ਬੇਮਖਫ ਹੂਏ ਭੀ ਗਏ। ਅਰ ਤੇਰੀ ਏਥੇ ਹੋਇਆ ਜਾਂ, ਇਕ ਬਲਾ ਤਾਂ ਨਹੀਂ ਡਿਠੀ, ਜੋ ਇਹੁ ਕਿ ਆਇਆ ਹੈ, ਅਸਾਡੇ ਜੀਅੜੇ ਤਾਈਂ?' ਗੁਰੂ ਬਾਬੇ ਕਹਿਆ, 'ਮਰਦਾਨਿਆ, ਕਾਹਲਾ ਹੋਹੁ ਨਾਹੀ।' ਮਰਦਾਨਾ ਮੂੰਹ ਢਕਕੇ ਪੈ ਰਹਿਆ। ਓਹ ਇਕ-ਦਮ ਜਿਉ ਜਿਉ ਨੇੜੈ ਆਵੈ, ਤਿਉ ਤਿਉ ਘਟਦਾ ਜਾਵੈ। ਜਦ ਨੇੜੇ ਆਇਆ, ਤਬਿ ਗੁਰੂ ਕਹਿਆ, 'ਮਰਦਾਨਿਆ, ਮੂੰਹ ਉਘਾੜੁ, ਉਠ ਬੈਠ, ਰਬਾਬ ਵਜਾਇ।' ਤਬਿ ਮਰਦਾਨਾ ਉਠ ਬੈਠਾ। ਗੁਰੂ ਅਤੇ ਮਰਦਾਨਾ ਰਹਦੇ ਰਹੇ।

ਜਾਇ ਇਕਤੁ ਗਾਉ ਵਿਚ ਬੈਠਾ। ਤਬਿ ਉਸ ਗਾਉ ਵਿਚ ਦੇਵੀ ਬਾਹਰਿ ਦੇਂਦੇ ਨਾਹੀਂ। ਲਾਗੇ ਮਸਕਰੀਆ ਕਰਨਿ। ਤਬਿ ਗੁਰੂ ਬਾਬੇ ਸਲੋਕੁ ਕਹਿਆ:—

ਦੇਸ ਕਸੀਓ ਪੀਰ ਭੀੜੀਓ ਕਿਉ ਕਰਿ ਸਕਾ ਪਤਿ।
ਜੇ ਧੋਸਾ ਤਾਂ ਆਖੀਅਹਿ ਵਡੇ ਵਡੇ ਕਰੈ ਬਹੁਤ।

In Bhai Banno Bir.

Salok [illegible] Nanak [illegible] Not included [illegible]

ਕੂਪ ਰਹਾਂ ਤਾ ਆਖੀਐ ਵਿਚ ਘਟਿ ਨਾਹੀ ਮਤਿ।
ਜੇ ਵਡਿ ਰਹਾਂ ਤਾ ਆਖੀਐ ਬੈਠਾ ਸਬਰ ਘਤੁ।
ਓਹ ਜਾਈ ਤਾਂ ਆਖੀਐ ਛਾਰੁ ਗਇਆ ਸਿਰ ਘਤੁ।
ਜੇ ਕਰ ਰਿਹਾਂ ਤਾਂ ਆਖੀਐ ਡੁਰਦਾ ਕਰੇ ਭਗਤ।
ਕਾਈ ਗਲੀ ਨ ਸੇਵਣੀ ਜਿਥੈ ਰਖਾਂ ਕ੍ਰਿਤਿ।
ਏਥੈ ਓਥੈ ਨਾਨਕਾ ਕਰਤਾ ਰਖੈ ਪਤਿ॥੨॥

ਤਬਿ ਉਥੈ ਕਾਈ ਘੜੀ ਨਾ ਰਹੇ। ਤਬਿ ਮਰਦਾਨੇ ਆਖਿਆ, 'ਜੀ, ਇਨਾਂ ਦੇ ਸਾਥੁ ਕਿਆ ਹੁਕਮ ਹੋਇਆ?' ਤਬਿ ਬਾਬੇ ਆਖਿਆ, 'ਮਰਦਾਨਿਆ! ਇਹ ਸ਼ਹਰ ਵਸਦਾ ਰਹੈ।'

ਤਬਿ ਅਗਲੇ ਸ਼ਹਰ ਗਏ, ਤਬਿ ਉਨਾਂ ਬਹੁਤ ਸੇਵਾ ਕੀਤੀ ਉਥੈ ਰਾਤਿ ਭੈ ਭਲੇ ਰਹਿ ਰਹੇ। ਤਾਂ ਗੁਰੂ ਬੋਲਿਆ, ਕੇ ਇਹ ਸ਼ਹਰੁ ਉਜੜੁ ਹੋਵੈਗਾ, ਖਰਾਬੁ ਹੋਵੈਗਾ। ਤਬਿ ਮਰਦਾਨੇ ਆਖਿਆ, 'ਜੀ, ਤੇਰੇ ਦਰੁ ਭਲਾ ਨਿਆਉ ਹਿਨਾ, ਜਿਥੇ ਬੈਠਣਾ ਨਾ ਮਿਲੈ ਸੋ ਵਸਾਇਆ, ਅਤੇ ਜਿਨ੍ਹਾਂ ਸੇਵਾ ਕੀਤੀ ਬਹੁਤ ਕੀਤੀ ਸੋ ਸ਼ਹਰ ਉਜਾੜਿਆ' ਤਬਿ ਗੁਰੂ ਬਾਬੇ ਆਖਿਆ, 'ਮਰਦਾਨਿਆ! ਉਸ ਸ਼ਹਰ ਦਾ ਆਦਮੀ ਜਾਇ ਸ਼ਹਰ

ਗੋਦੇਗਾ ਤਾਂ ਸੋਭ ਭੀ ਵਿਗਸਣਗੇ ਅਤੇ ਇਸ ਸ਼ਬਦ ਦਾ ਆਦਮੀ ਸੇਵਣੁ ਸਮਰ ਜਾਵੈਗਾ ਤਾਂ ਉਨ੍ਹਾਂ ਦੀ ਭੀ ਗਤਿ ਕਰੈਗਾ ਅਤੇ ਮੁਕਤਿ ਦੇਵੈਗਾ।' ਤਬਿ ਮਰਦਾਨੇ ਆਖਿਆ, 'ਜੀ ਤਉ ਭਾਵੈ ਤਾਂ ਉਸਦੀ ਭੀ ਗਤਿ ਕਰੈਂ।' ~~ਤਬ ਬਾ~~

سیالکوٹ

ਤਬ ਸ੍ਰਿ ਸੀਆਲੁ ਦੇਸ ਆਇ ਪ੍ਰਗਟੇ, ਤਬ ਉਹਾ ਕੋਈ ਬੈਠਣ ਦੇਵੈ ਨਾਹੀਂ। ਜਹਾਂ ਜਾਇ ਖੜੋਵਨ ਤਾਂ ਲੋਕ ਕਹੁਕਾ ਦੇ ~~[illegible]~~ ਕਿ ਰਾਮੋ ਦੇਖੁ ਕਾ। ਤਬ ਕੂੜਾ ਬਾਹਰਿ ਆਇ ਨਿਕਲਿਆ, ਓਹ ਖੜਿ ਲੈ ਗਇਆ, ਪਰ ਧੋਇ ਕਰ ਪੀਤਿਓਸੁ, ਉਦਾਸੀ ਲੋਕਾ ਨਾਲ ਲਾਗਾ ਫਿਰਹਿ।

ਤਬ ਬਾਬਾ ਅਤੇ ਮਰਦਾਨਾ ਉਥਹੁ ਚਲਦੇ ਰਹੇ। ਜੋ ਜਾਂਦੇ ਜਾਂਦੇ ਚਲਿ ਉਜਾੜਿ ਵਿਚਿ ਜਾਇ ਪਏ। ਤਬ ਉਥੈ ਕੋਈ ਮਿਲੈ ਨਾਹੀ। ਤਬਿ ਮਰਦਾਨੇ ਨੂੰ ਬਹੁਤ ਭੁਖਿ ਲਾਗੀ ਤਾਂ ਮਰਦਾਨੇ ਆਖਿਆ, ਸੁਗਾਹਿ ਤੇਰੀ ਭਗਤਿ ਨੂੰ ਅਸੀ ਤਾਂ ਜੋ ਸ਼ਹਰ ਦੇ ਟੁਕੜੇ ਮੰਗਿ ਖਾਂਦੇ ਥੇ, ਉਥਹੁ ਭੀ ਗਵਾਇਆ। ਅਸੀਂ ਤਾਂ ਵਡੀ ਉਜਾੜਿ ਵਿਚਿ ਆਇ ਪਇ ਹਾਂ। ਕੂੜੀ ਖੁਦਾਇ ਕਾਢੈ ਤਾਂ ਨਿਕਸਾਂਗੇ। ਜਹਿ ਕੋਈ

ਸੀਹੁ ਫੁਰਿ ਪਵੈਗਾ ਤ ਮਾਰਿ ਜਾਵੈਗਾ। ਤਬ ਬਾਬੇ ਆਖਿਆ
ਮਰਦਾਨਿਆ ਤੇਰੇ ਨੇੜੈ ਕੋਈ ਨਾਹੀਂ ਆਂਵਦਾ ਪਰ ਤੂੰ ਉਜੀਆਰੁ
ਹੋਹੁ। ਆਖਿਓਸੁ ਜੀ ਕਿਉਕਰ ਉਜੀਆਰੁ ਹੋਵਾਂ ਉਜਾੜਿ ਵਿਚਿ
ਆਇ ਪਇਆ। ਤਬ ਬਾਬੇ ਆਖਿਆ ਮਰਦਾਨਿਆਂ ਅਸੀ ਉਜਾੜਿ
ਵਿਚਿ ਨਾਹੀਂ ਅਸੀ ਵਸਤੀ ਵਿਚਿ ਹਾਂ, ਜਿਥੈ ਨਾਉ ਧਿਆਈਦਾ
ਹੈ॥ ਤਉ ਖਾਣੂ ਖਾਹੁ ਮਰਿ ਨਾਹੀ ਆਵਦੀ। ਤਬਿ ~~ਬਾਬੇ~~
~~ਬਾਬੇ ਆਖਿਆ 'ਮਰਦਾਨਿਆਂ ਰਬਾਬੁ ਵਜਾਇ'~~ ਰਬਾਬੁ ਵਜਾਇ"
ਤਬ ਮਰਦਾਨੇ ਆਖਿਆ, ਜੀ ਮੇਰਾ ਪੇਟੁ ਭੁਖੈ ਨਾਲਿ ਮਿਲਿ
ਗਇਆ ਹੈ" ਮੈਂ ਫਿਰ ਰਬਾਬੁ ਵਜਾਇ ਨਹੀਂ ਸਕਦਾ॥

ਤਬ ਬਾਬੇ ਆਖਿਆ, 'ਮਰਦਾਨਿਆ ਕਹੁ ਕਿਵੈ ਕਿਵੈਂ
ਵਸਤੀ ਜਾਣਾਂ।'

"ਅਜੀ ਮੈਂ ਵਸਤੀ ਭੀ ਨਾਹੀ ਜਾਣਦਾ, ਮੇਰਾ ਭੁਖ ਨਾਲ
ਪੇਟੁ ਮਿਲਿ ਗਇਆ ਹੈ, ਹਉ ਮਰਦਾ ਹਾਂ"

ਤਬਿ ਬਾਬੇ ਆਖਿਆ 'ਮਰਦਾਨਿਆ ਹਉ ਤੈਨੂੰ ਆਖਦੀ
ਕਿਤੇ ਮਰਦੂ ਨਾਹੀਂ ਦੇਂਦਾ, ਉਜੀਆਰ ਹੋਹੁ।'

ਤਬਿ ਮਰਦਾਨੇ ਆਖਿਓਸੁ 'ਜੀ ਹਉ ਕਿਉ ਕਰਿ
ਉਜੀਆਰ ਹੋਵਾਂ? ਹਉ ਮਰਦਾ ਹਾਂ ਜੀਵਦੇ ਦੀ ਗਲ ਕੀ।'

ਮਰਦਾਨੇ ਫੇਰ ਆਖਿਆ, 'ਜੀ ਮੈਨੂੰ ਦੁਖ ਨ ਦੇਹਿ।'

ਤਾਂ ਬਾਬੇ ਆਖਿਆ, 'ਮਰਦਾਨਿਆ ਇਸ ਰੁਖ ਦੇ ਫਲ ਖਾਂਹਿ, ਪਰ ਭਰਿ ਕੈ ਖਾਹਿ, ਜਿਤਨੇ ਖਾਇ ਸਕਦਾ ਹੈਂ; ਪਰ ਨਾਲੁ ਪਲੈ ਬੰਨਿ ਨਾਹੀਂ।'

ਤਬ ਮਰਦਾਨੇ ਆਖਿਆ, 'ਜੀ ਭਲਾ ਹੋਵੈ।'

ਮਰਦਾਨਾ ਲਗਾ ਖਾਵਣਿ, ਫਲਾਂ ਦਾ ਸੁਆਦੁ ਆਇਓਸੁ, ਆਖੈ ਹੋਵੈ ਤਾ ਸਭੈ ਖਾਇ ਨਾਹੀ, ਫਿਰ ਮਿਲਨਿ ਕਿ ਨਾ ਆਵਨਿ, ਕੁਛੁ ਪਲੈ ਭੀ ਬੰਨਿ ਲੇਵੀ। ਜਾਂਦੇ ਜਾਂਦੇ ਮਰਦਾਨੇ ਨੂੰ ਫਿਰ ਭੁਖ ਲਾਗੀ ਤਾਂ ਆਖਿਓਸੁ 'ਕੁਛੁ ਖਾਵਾਂ,' ਜਾਂ ਮੁਹਿ ਪਾਏ ਤਾ ਡਿਗੈ ਦੇਹੀ ਢਹਿ ਪਇਆ। ਤਬ ਬਾਬੇ ਆਖਿਆ, 'ਕਿਆ ਹੋਆ ਹੈ ਮਰਦਾਨਿਆ?'

'ਜੀਉ ਪਾਤਿਸਾਹ! ਤੁਧੁ ਆਖਿਆ ਸੀ ਜੋ ਖਾਹਿ ਜੇ ਅਗੈ ਵਾਸਤੇ ਪਲੈ ਬੰਨਿ ਨਾਹੀ, ਮੈਂ ਆਖਿਆ ਕੁਛੁ ਪਲੈ ਭੀ ਬੰਨਿ ਲਈ ਮਤੁ ਫੇਰਿ ਆਵਨਿ ਕਿ ਨਾ ਆਵਨਿ। ਜੋ ਮੈਂ ਮੁਹਿ ਪਾਏ ਸਨਿ, ਮੇਰਾ ਇਹ ਹਵਾਲੁ ਹੋਇ ਗਇਆ।'

ਤਬ ਬਾਬੇ ਆਖਿਆ, 'ਮਰਦਾਨਿਆ ਤੁਧੁ ਬੁਰਾ ਕੀਤਾ ਸੀ ਜੋ ਮੁਹਿ ਪਾਏ ਸਨਿ। ਇਹ ਬਿਖੁ ਫਲ ਸਨਿ, ਪਰ

ਕਰਨ ਲਗੈਂ ਅੰਮ੍ਰਿਤ ਫਲ ਤੇਰੇ ਸਚਿ।'

ਤਬ ਬਾਬੇ ਸਭੈ ਉਪਰਿ ਪੜ੍ਹ ਗਇਆ, ਤਬ ਕੰਠਾ ਭਲਾ ਹੋਇਆ, ਓਹ ਕੰਠਾ।

ਤਬ ਮਰਦਾਨੇ ਆਖਿਆ, 'ਸੁਆਮੀ ਤੇਰੀ ਕੁਦਰਤਿ ਨੂੰ ਅਤੇ ਤੇਰੀ ਵਡਿਆਈ ਨੂੰ। ਅਸੀ ਤਾਂ ਤੁਸਾਂ ਸੰਗ ਮਿਲਿ ਪਾਰ ਹੋਵਾਂਗੇ। ਤੂ ਅਤੀਤ ਮਹਾਪੁਰਖ, ਧਰਤਿ ਪਾਣੀ ਵਿਚੁ ਨਾਹੀ, ਅਤੇ ਦੁਨੀ ਵਿਚਿ ਨਾਹੀਂ। ਜਉ ਤਿਉਂਕਰਿ ਤੁਧੁ ਨਾਲਿ ਰਹਾਂ? ਅਸਾਂ ਨੂ ਦਿਸਾ ਕਰਿ।'

ਤਬ ਬਾਬੇ ਆਖਿਆ, 'ਮਰਦਾਨਿਆ! ਜੇ ਤੀ ਬਹੁਤ ਖੁਸੀ ਹੈ ਤੁਧ ਉਪਰਿ ਤ ਕਿਉਂ ਦਿਸਾ ਮੰਗਦਾ ਹੈਂ ਮੈਂ ਪਾਸਹੁ।'

ਤਬ ਮਰਦਾਨੇ ਆਖਿਆ, 'ਸੁਆਮੀ ਤੇਰੀ ਖੁਸੀ ਹੈ ਪਰ ਮੇਰੀ ਦਿਸਾ ਕਰਿ, ਜਉ ਆਪਣੇ ਘਰਿ ਜਾਵਾਂ।'

ਤਬ ਬਾਬੇ ਆਖਿਆ 'ਮਰਦਾਨਿਆ! ਕਿਵੈ ਜਾਹਿ ਭੀ।'

ਤਾਂ ਮਰਦਾਨੇ ਆਖਿਆ, 'ਜਉ ਤਾਂ ਜਾਂਦੇ ਮੇਰੀ ਭੁਖ ਜਾਇਦਾ, ਜੋ ਤੇਰਾ ਸਰੀਰ ਹੋਇ ਸੋ ਮੇਰਾ ਹੋਵੈ। ਜੇ ਤੂ ਇਹ ਕੰਮੁ ਕਰਹਿ ਤਾਂ ਤੇਰੇ ਨਾਲਿ ਰਹਾਂ। ਜਾਂ ਇਹ ਬਚਨੁ ਕਰਹਿ ਜੋ ਮੇਰੇ ਕਰਮ ਭੀ ਨ ਬੀਚਾਰਹਿ ਤਾਂ ਜਉ ਤੇਰੇ ਨਾਲ ਰਹਾਂ। ਜੇ ਇਹ ਤੂੰ ਕੰਮੁ ਕਰੇ

ਲੋਂੜੀ ਤਾਂ ਮੈਨੂੰ ਵਿਦਾ ਕਰੋ।

ਤਬ ਗੁਰੂ ਬਾਬੇ ਆਖਿਆ 'ਜਾਹਿ ਤੂੰ ਮਰਦਾਨਿਆ ਤੂੰ ਦੀਨ ਦੁਨੀਆਂ ਨਿਹਾਲੁ ਹੋਆ।'

ਤਬ ਮਰਦਾਨਾ ਉਠਿ ਪੈਰੀਂ ਪਇਆ। ਤਾਂ ਮਰਦਾਨਾ ਬਾਬੇ ਨਾਲਿ ਜਾਇ ਮਿਲਿਆ।

ਤਬ ਉਦਾਸੀ ਕਰਕੇ ਘਰ ਆਏ॥

ਚੌਥਾ

ਭਾਗ ~~ਤੀਜਾ~~

(ਪੰਜਾਬ ਦਾ ਰੰਗ)

ਜਬਿ ਉਦਾਸੀ ਕਰਿਕੇ ਆਏ ਬਾਰਹੀ ਬਰਸੀ ਤਬਿ ਆਇ ਕਰਿ
ਤਿਲਵੰਡੀ ਤੇ ਕੋਸ ਦੁਇ ਜਾਇ ਕਰਿ ਆਇ ਬੈਠੇ ਉਜਾੜਿ ਵਿਚਿ। ਤਬਿ
ਘੜੀ ਏਕੁ ਪਸਤਾਇ ਕਰਿ ਮਰਦਾਨੈ ਅਰਜੁ ਕੀਤੀ ਜੋ ਮੈਨੂੰ ਹੁਕਮੁ
ਹੋਵੈ ਤਾਂ ਘਰਿ ਜਾਵਾਂ, ਘਰਿ ਕੀ ਖਬਰਿ ਲੈ ਆਵਾਂ, ਦੇਖਾਂ ਅਸਾਡੇ
ਆਦਮੀ ਕਿਉਂਕਰਿ ਹੈਨਿ ਕੋਈ ਰਹਿਆ ਹੈ ਕਿ ਕੋਈ ਨਾਹੀਂ
ਰਹਿਆ। ਤਬਿ ਬਾਬਾ ਹਸਿਆ, ਹਸਿ ਕਰਿ ਕਹਿਆ ਮਰਦਾਨਿਆ
ਤੇਰੇ ਆਦਮੀ ਮਰੇ ਹੈ, ਤੂੰ ਸੰਸਾਰ ਕਿਉਂਕਰਿ ਰਖਹਿਗਾ।
ਪਰ ਤੇਰੇ ਆਤਮੈ ਆਵਦੀ ਹੈ ਤਾਂ ਤੂ ਜਾਹਿ ਮਿਲਿ ਆਉ ਪਰੁ
ਤੁਰਤੁ ਆਵੀਂ ਅਤੈ ਕਾਲੂ ਦੇ ਘਰਿ ਭੀ ਜਾਵੈ, ਅਸਾਡਾ
ਨਾਂਉ ਲਈ ਨਾਹੀ। ਤਬ ਮਰਦਾਨਾ ਪੈਰੀਂ ਪੈਇ ਕਰਿ ਗਇਆ।
ਤਲਵੰਡੀ ਆਇਆ, ਜਾਇ ਘਰ ਵੜਿਆ, ਤਬ ਲੋਕੁ ਬਹੁਤ
ਜੁੜਿ ਗਏ, ਸਭੁ ਕੋਈ ਆਇ ਪੈਰੀ ਪਵੈ ਅਤੇ ਸਭੁ ਲੋਕ
ਆਖਹਿ ਜੋ ਮਰਦਾਨਾ ਡੂਮੁ ਹੈ ਪਰ ਨਾਨਕ ਕਾ ਸਾਇਆ
ਹੈ, ਇਹੁ ਉਹੁ ਨਾਹੀਂ, ਸੰਸਾਰੁ ਤੇ ਛਪਿ ਹੋਆ ਹੈ।

ਤਬ ਮਰਦਾਨੇ ਘਰ ਬਾਰੁ ਦੇਖਕਰਿ ਕਾਲੂ ਦੇ ਦੇਹੁਰੇ ਵਿਚ
ਵਿੜਿ ਗਇਆ, ਜਾਇ ਬੈਠਾ, ਤਬ ਬਾਬੇ ਦੀ ਮਾਤਾ ਉਠਿ ਗਲੇ
ਨੂੰ ਲਿਪਟੀ, ਲਗੀ ਬੈਰਾਗੁ ਕਰਨ, ਬੈਰਾਗ ਕਰਕੈ ਆਖਿਓਸੁ

'ਮਰਦਾਨਿਆਂ ਵਿਦਾਉ ਨਾਨਕ ਦੀ ਖਬਰ ਦੇਹਿ।' ਤਬ ਸਾਰੇ ਤਲਵੰਡੀ ਦੇ ਲੋਕ ਜੁੜਿ ਗਏ ਸਭੁ ਲੋਗ ਪੈਰਹਿ ਲਾਗੇ। ਤਾਂ ਮਰਦਾਨੈ ਆਖਿਆ 'ਭਾਈ ਦੇ ਜਾਂ ਬਾਬਾ ਸੁਲਤਾਨਪੁਰ ਆਹਾ ਤਾਂ ਤੁਸ ਨਾਲੇ ਆਹਾ ਫਿਰ ਮੈਨੂੰ ਪਿਛਲੀ ਖਬਰਿ ਨਾਹੀਂ।' ਤਬ ਘੜੀ ਇਕ ਬੈਠਿ ਕਰਿ ਮਰਦਾਨਾ ਉਠ ਗਇਆ। ਤਬ ਬਾਬੇ ਦੀ ਮਾਤਾ ਆਖਿਆ 'ਭਾਈ ਦੇ ਇਹੁ ਜੋ ਤਰਤੂ ਵਿਰਲੇ ਵਿਚਹੁੰ ਜੋ ਕਹਿਆ ਦੇ, ਜੋ ਖਾਲੀ ਨਾਹੀਂ' ਤਾਂ ਮਾਤਾ ਉਠਿ ਖੜੀ ਹੋਈ, ਕਛੁ ਕਪੜੇ, ਕਛੁ ਮਿਠਿਆਈ ਲੈਕਰਿ ਪਿਛਹੁ ਆਇ ਮਰਦਾਨੇ ਨੂੰ ਆਇ ਮਿਲੀ। ਤਾਂ ਆਖਿਓਸੁ 'ਮਰਦਾਨਿਆਂ, ਮੈਨੂੰ ਨਾਨਕ ਮਿਲਾਇ।' ਤਾਂ ਮਰਦਾਨਾ ਚੁਪ ਕਰਿ ਰਹਿਆ। ਉਥਹੁ ਚਲੇ, ਆਂਵਦੇ ਆਂਵਦੇ ਜਾਂ ਕੋਹਾਂ ਦਹੁ ਉਪਰਿ ਆਏ ਤਾਂ ਬਾਬਾ ਬੈਠਾ ਹੈ, ਤਬ ਬਾਬੇ ਡਿਠਾ ਜੋ ਮਾਤਾ ਤੇ ਮਰਦਾਨਾ ਆਇ ਤਾਂ ਬਾਬਾ ਆਇ ਕਰਿ ਪੈਰੀ ਪਇਆ, ਤਾਂ ਮਾਤਾ ਲਗੀ ਬੈਰਾਗ ਕਰਨਿ, ਸਿਰੁ ਚੁੰਮਿਓਸੁ, ਆਖਿਓਸੁ, 'ਹਉਂ ਵਾਰੀ, ਹਉ ਵਾਰੀ, ਬੇਟਾ! ਹਉ ਤੁਧ ਵਿਟਹੁ ਵਾਰੀ, ਤੇਰੇ ਨਾਉ ~~ਵਿਟਹੁ~~ ਵਿਟਹੁ ਵਾਰੀ, ਤੇਰੇ ਦਰਸਨ ਵਿਟਹੁ ਵਾਰੀ, ਜਿਥੈ ਤੂ ਫਿਰਦਾ ਹੈਂ ਤਿਸ

ਬਾਉ ਪਿਟਣੁ ਲਾਗੀ, ਤੁਧੁ ਕਿਆ ਕੀਤੀ, ਮੈਨੂੰ ਆਪਣਾ ਮੁਹੁ ਦਿਖਾਲਿਓ। ਤਬ ਬਾਬਾ ਮਾਤਾ ਕਾ ਹੇਤੁ ਦੇਖਿ ਕਰਿ ਗੁਰ ਸਬਦੁ ਬੋਲਿ ਗਇਆ। ਸਭਾ ਬੈਰਾਗੁ ਕਰਿਹੁ। ਬੈਰਾਗ ਕਰਕੈ ਰਹਿਆ। ਤਬ ਫਿਰ ਮਾਤਾ ਕਪੜੇ ਪਹਿਨਾਈ ਅਤੇ ਗਈ, ਆਖਿਓਸੁ 'ਬਚਾ ਤੂੰ ਖਾਹਿ, ਇਹ ਖਿਲਕਾ ਗਾਤੜੁ ਉਤਾਰਿ, ਨਵੇਂ ਕਪੜੇ ਪਹਿਰੁ।' ਬਾਬੇ ਨ ਮੰਨਿਆ।

ਤਬਿ ਬਾਬੇ ਕਾਲੂ ਨੂੰ ਖਬਰਿ ਹੋਈ। ਤਾਂ ਕਾਲੂ ਘੋੜੇ ਚੜ੍ਹ ਕੇ ਆਇਆ। ਜਾਂ ਆਇਆ, ਤਾਂ ਬਾਬਾ ਜੀ ਆਖਿ ਮੀਟੀ ਪਇਆ। ਨਮਸਕਾਰ ਕੀਤੋਸੁ। ਪਰਚਾਵਣਾ ਦੇਕਰ ਬੈਠ ਗਏ। ਤਬ ਕਾਲੂ ਜਾਕਾ ਬੈਰਾਗ ਕਰਹਿ। ਤਬਿ ਕਾਲੂ ਕਹਿਆ, 'ਬਚਾ! ਤੂੰ ਇੱਕ ਵਾਰੀ ਘਰਿ ਜਾਹੁ, ਜੇਹੇ ਘਰਿ ਓਥੇ ਰਹਿ। ਤੂੰ ਦੇਖੁ ਕਿਰਿ ਪਿਛਲ ਆਇਆ ਹੈ, ਤੇਰਾ ਧਾਰਾਕੁ ਹੈ। ਤੂ ਮਿਲਬਹੁ, ਅਤੇ ਜੇ ਰੂਪ ਭਾਵਈ ਤਾ ਫਿਰਿ ਜਾਵੈ। ਤਬ ਬਾਬੇ ਆਖਿਆ, 'ਬਾਬਾ ਜੀ, ਮਾਤਾ ਜੀ, ਅਸੀ ਜੋ ਆਏ ਹਾਂ, ਜੋ ਕਹਿਆ ਥਾ ਆਵਹਿਗੇ। ਪਰ ਤੁਸੀ, ਰਹਿ ਆਖਿਆ ਮਨ ਲੈਹੁ, ਅਸੀ ਅਤੇ ਉਦਾਸ ਹਾਂ।' ਤਬ ਮਾਤਾ ਕਹਿਆ, 'ਬੇਟਾ, ਮੇਰੇ ਮਨ ਸੰਤੋਖ ਕਿਉਕਰਿ ਹੋਵੈਗਾ; ਜੋ ਤੂ ਬਹੁਤੀ

A

~~ਤਾਂ~~ ਬਾਬਾ ਏਥੇ ਕੇਈ ਦਿਨ ਰਹੇ। ਤਬ ਏਕ ਦਿਨਿ ਗੁਰੂ ਕੀ ਆਗਿਆ ਹੋਈ, ਜੋ ਪਿਛਲੈ ਪਹਰ ਰਾਤਿ ਕਉ ਕੀਰਤਨ ਹੋਵੈ। ਤਾਂ ਇਕ ਲੜਕਾ ਬਰਸਾਂ ਸਤਾਂ ਕਾ ਘਰ ਤੇ ਉਠਿ ਆਵੈ, ਆਇ ਗੁਰੂ ਜੀ ਕੈ ਪਿਛੈ ਖੜਾ ਹੋਵੈ। ਜਬ ਆਰਤੀ ਕੀਰਤਨ ਹੋਵੈ, ਤਾਂ ਉਠਿ ਜਾਵੈ। ਤਬ ਬਾਬੇ ਇਕ ਦਿਨਿ ਕਹਿਆ, 'ਆਨੁ ਇਹੁ ਲੜਕਾ ਪਕੜਿ ਲਿਆਵਹੁ।' ਜਬ ਓਥਾ ਦੇਰ ਕਰਿ ਭਗਿਆ, ਤਾਂ ਸੰਗਤਿ ਪਕੜਿ ਲਿਆਂਦਾ, ਆਣਿ ਹਾਜਰੁ ਕੀਤਾ। ਤਬ ਬਾਬੇ ਪੁਛਿਆ, ਆਖਿਆ, 'ਹੇ ਲੜਕੇ! ਤੂੰ ਜੋ ਇਤੁ ਵਖਤਿ ਉਠਿ ਆਂਵਦਾ ਹੈਂ, ਸੋ ਕਿਉ ਆਂਵਦਾ ਹੈ? ਅਜੇ ਤੇਰਾ ਵਖਤੁ ਖਾਵਣੁ ਖੇਲਣੁ ਸਉਣ ਦਾ ਹੈ।' ਤਬ ਉਸ ਲੜਕੇ ਆਖਿਆ, 'ਜੀ! ਇਕ ਦਿਨ ਮੇਰੀ ਮਾਤਾ ਕਹਿਆ, ਜੋ ਬੇਟਾ ਤੂੰ ਅਗਿ ਬਾਲੁ, ਤਾਂ ਮੈਂ ਅਗਿ ਜਲਾ ਧਰੀਏ, ਜਾ ਲਕੜੀਆਂ ਪਾਈਆਂ, ਤਾਂ ਪਹਿਲੇ ਨਿਕੜੀਆਂ ਕਉ ਲਗੀ; ਤਾਂ ਪਿਛਹੁ ਵਡੀਆਂ ਕਉ ਲਾਗੀ। ਤਬ ਮੈਂ ਭਉ ਕੀਤਾ, ਜੋ ਮਤੁ ਅਸੀ ਨਿਕੜੇ ਚਲਿਜਾਹਿ, ਵਡੇਰੇ ਰਹਿ ਜਾਹਿ, ਕਿ ਜਿਉ ਨਿਕੜੀਆਂ ਲਕੜੀਆਂ

ਦੀ ਨਿਆਣੀ। ਤਾਂ ਮੈਂ ਆਖਿਆ ਜੋ ਵਾਹੁ
ਲਗਿ ਜੇਹਿ। ਉਨ੍ਹ ਸੰਗਤ ਪੁ ਕਹ ਹੋਵਣੀ
ਸੁਣਿਕੈ। ਤਬ ਬਾਬੇ ਦੀ ਖਾਸੀ ਹੋਈ,
ਜਨੂਰ ਮੰਜੀ ਪਾਇਆ। ਤ

ਵਡੀ ਉਦਾਸੀ ਕਰਿਕੈ ਆਇਆ ਹੈਂ। ਤਬ ਬਾਬੇ ਕਹਿਆ 'ਮਾਤਾ, ਤੂ ਬਚਨ ਮੰਨ, ਤੈਨੂੰ ਫੇਰਿ ਆਵੈਗਾ' ਤਾਂ ਮਾਤਾ ਚੁਪ ਕਰ ਰਹੀ॥

A ———

ਤਬ ਸ੍ਰੀਗੁਰੂ ਬਾਬਾ ਉਥਹੁੰ ਚਲਿਆ। ਰਾਵੀ ~~ਦੇ ਨਾਉ~~ ਪਾਰ ~~ਲੰਘ~~ ਕਰਿ ਉਜਾੜਿ ਉਜਾੜਿ ਚਲਿਆ, ਪਟਣ ਦੇਸ ਵਿਚ ਆਇ ਨਿਕਲਿਆ। ਪਟਣ ਤੇ ਕੋਸ ਤਿਨਿ ਉਜਾੜਿ ਥੀ, ਉਥੇ ਆਇ ਬੈਠਾ, ਮਰਦਾਨਾ ਨਾਲਿ ਆਹਾ। ਪਟਣ ਕਾ ਪੀਰੁ ਸੇਖੁ ਬ੍ਰਹਮ ਥਾ। ਤਿਸ ਕਾ ਇਕੁ ਮੁਰੀਦੁ ਸੁਬਹ ਕੈ ਵੇਲੇ ਪੀਰ ਕੇ ਮੁਸਾਫਰ ਖਾਨੇ ਕੀਆ ਲਕੜੀਆਂ ਚੁਣਨ ਆਇਆ ਥਾ, ਤਿਸ ਕਾ ਨਾਉ ਸੇਖੁ ਕਮਾਲੁ ਥਾ। ਦੇਖੈ ਤਾਂ ਅਗੈ ਕੋਇ ਬਾਬਾ ਅਤੇ ਮਰਦਾਨਾ ਦੋਵੈ ਬੈਠੇ ਹੈਨਿ। ਮਰਦਾਨੇ ਰਬਾਬ ਵਜਾਇਆ, ਸ਼ਬਦ ਗਾਵਣ ਲਾਗਾ,

ਆਪੇ ਪਟੀ, ਕਲਮ ਆਪਿ, ਉਪਰਿ ਲੇਖ
ਭੀ ਤੂੰ। ਏਕੋ ਕਹੀਏ, ਨਾਨਕਾ! ਦੂਜਾ
ਕਾਹੇ ਕੂ॥

ਕਮਾਲੁ ਇਹ ਸ਼ਲੋਕ ਸਿਖਿ ਲਇਆ। ਜੋ ਕੁਛ

ਲਕੜੀਆਂ ਕੁਹੀਆਂ ਚੀਆਂ ਪੇਈ ਖ੍ਯਾਲਿ ਕਰਿ ਪਾਣਿ
ਆਣਿਆ। ਲਕੜੀਆਂ ਧਰਿ ਕਰਿ ਜਾਇ ਆਪਣੇ ਪੀਰ ਕਉ
ਸਲਾਮ ਕੀਤੀਆਸੁ, ਤਾਂ ਆਖਿਓਸੁ, 'ਪੀਰ ਸਲਾਮਤਿ ਮੈਨੂੰ
ਇਕ ਖੁਦਾਇ ਦਾ ਪਿਆਰਾ ਮਿਲਿਆ ਹੈ, ਇਕੁ ਬੈਤੁ
ਮੈਨੂੰ ਗਾਵਣੁ ਦੀਆ ਸੁ।' ਪੀਰ ਕਹਿਆ 'ਅਸਾਨਿ
ਦੇਖਾਂ, ਕਿਹਾ ਹੈ?' ਤਾਂ ਕਮਾਲ ਆਖਿਆ ਜੀ ਓਹ ਆਖਰ
ਏਹੁ ਹੈ:-

ਆਪੇ ਪਟੀ, ਕਲਮ ਆਪਿ, ਉਪਰਿ ਲੇਖੁ ਭੀ ਤੂੰ।
ਏਕੋ ਕਹੀਐ, ਨਾਨਕਾ! ਦੂਜਾ ਕਾਹੇ ਕੂ॥

ਤਾਂ ਪੀਰ ਆਖਿਆ, 'ਬਚਾ! ਜਿਨ ਦਾ ਆਖਿਆ ਤੇਰਾ ਇਹ
ਬੈਤੁ ਹੈ, ਤਿਸਦਾ ਦੀਦਾਰ ਦੇਖਾਲੇ, ਓਹ ਖੁਦਾਇ ਦਾ ਫਕੀਰ ਹੈ,
ਮੈਨੂੰ ਭੀ ਮੇਲਸੁ।' ਤਬ ਸੇਖ ਬ੍ਰਹਮਿ ਸੁਖਾਸਣਿ
ਚੜ੍ਹਿ ਚਲਿਆ, ਕਮਾਲ ਨਾਲ ਲੀਤਾ। ਆਵਦਾ ਆਵਦਾ
ਕੋਹੁ ਤਿਤੁ ਉਪਰਿ ਆਇਆ। ਜਾ ਦੇਖੈ ਤਾਂ ਬਾਬਾ
ਬੈਠਾ ਹੈ। ਤਬ ਸੇਖ ਬ੍ਰਹਮਿ ਜਾਇ ਖੜ੍ਹਾ ਹੋਆ।
ਆਖਿਓਸੁ, 'ਨਾਨਕ! ਸਲਾਮ ਆਲੇਕਮ।' ਤਬ
ਗੁਰੂ ਬਾਬੇ ਨਾਨਕ ਕਹਿਆ, 'ਅਲੇਕਮ ਅਸਲਾਮ, ਪੀਰ

ਜੀ ਪਰਮਸਤਿ ਆਖੀਐ, ਪਰਵਦਿਗਾਰੁ ਸਿਰਜਣਹਾਰੁ ਹੋਆ। ਤਿਸਕਾ ਦੀਦਾਰੁ ਪਾਇਆ।' ਤਬ ਇਹੋ ਉਥੇ ਰਾਤਪੋਸੀ ਕਰਿ ਬਹਿ ਗਏ। ਤਬ ਪੀਰ ਪੁਛਣਾ ਕੀਤਾ, ਜੋ, 'ਨਾਨਕ! ਤੇਰਾ ਇਹੁ ਵੇਸ ਮੁਹਿ ਕਰਿ ਹੋਗਾਹੁ ਹੋਆ ਹੈ; ਸਾਧਾਂ ਸਮਾਧਾ ਜਿਸ ਵਿਚ ਵੇਸ ਆਖਿਆ ਹੈ, ਤਿਸਦਾ ਦੀਦਾਰੁ ਦੇਖਾ ਹੈ। ਤਬ ਬਾਬੇ ਆਖਿਆ, ਜੀ ਓਹੁ ਸਾਹਿਬੁ ਨਿਰੰਜਨ ਹੋਈ ਹੈ ਜੋ ਤਿਸਕਾ ਦੀਦਾਰੁ ਪਾਇਆ। ਤਬ ਪੀਰੁ ਕਹਿਆ, 'ਨਾਨਕ! ਇਸ ਵੇਸ ਦਾ ਵਿਆਨ ਦੇਹੁ, ਤੂੰ ਜੋ ਆਖਦਾ ਹੈਂ, ਇਕੋ ਜੋ ਇਕੋ ਇਕ ਹੈ, ਪਰੁ ਹਿੰਦੂ ਆਖਦੇ ਹੈਨ ਜੋ ਸਾਧਾਂ ਵਿਚ ਸਭੀ ਹੈ, ਅਤੇ ਮੁਸਲਮਾਨ ਆਖਦੇ ਹੈਨ ਸਾਧਾਂ ਦੀ ਵਿਚਿ ਸਭੀ ਹੈ। ਆਖੁ ਇਨਾਂ ਕਿਸ ਵਿਚ ਸਭੀ ਕਰੇਗਾ, ਜਾਂ ਕਿਸ ਵਿਚ ਅਨੁਸਾਰੀ ਕਰੇਗਾ।' ਤਬ ਬਾਬੇ ਨਾਨਕ ਕਹਿਆ 'ਜੀ! ਇਕੋ ਸਾਹਿਬ ਇੱਕੋ ਰਾਹ। ਇਕੋ ਸੇਵੀ ਤੇ ਦੂਜਾ ਨਹਿ।' ਤਬ ਪੀਰ ਪੁਛਣਾ ਕੀਤਾ;—

ਫ਼ਕੀਰਾ ਪਾੜਿ ਪਟੋਲਾ ਧਜਿ ਕਰੀ ਕੰਬਲੜੀ ਪਹਿਰੇਉ।
ਜਿਨੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ॥

ਤਬ ਫਿਰ ਗੁਰੂ ਬਾਬੇ ਜਵਾਬ ਦਿਤਾ;—

ਘਰ ਹੀ ਮੁੰਧਿ, ਵਿਦੇਸ ਪਿਰੁ, ਨਿਤ ਝੂਰੇ ਸੰਮਾਲੇ।

ਸਿਫਤਿਆ ਜਿਨ ਨੋ ਹੋਵਈ, ਜੇ ਲੋਅਣਿ ਸਾਸਿ ਕਰੇਹਿ।

ਜਾਂ ਇਹ ਜਬਾਬੁ ਬਾਬੇ ਦਿਤਾ, ਤਾਂ ਪੀਰ ਪਛਣਾ ਕੀਤਾ:-

ਫਰੀਦਾ ਨੰਢੀ ਕੰਤੁ ਨ ਰਾਵਿਓ, ਵਡੀ ਥੀ, ਮੁਈਆਸੁ।
ਧਨ ਕੂਕੇਂਦੀ ਗੋਰ ਮੇਂ, ਤੈਂ ਸਹ ਨਾ ਮਿਲੀਆਸੁ॥

ਤਬ ਬਾਬੇ ਜਬਾਬ ਦਿਤਾ

ਧਨ ਕੁਚਜੀ ਮਹੁਦੜੀ ਕਾਲੀ ਮਨਹੁ ਕੁਸੁਧ।
ਜੇ ਗੁਣ ਹੋਵਹਿ, ਤਾ ਪਿਰ ਰਵੈ, ਨਾਨਕ ਅਵਗੁਣ ਮੁੰਧ॥

